Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 198 Wednesday, October 16, 2019 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com

# 4.7 ਮਿਲੀਅਨ ਕੈਨੇਡੀਅਨਾਂ ਨੇ ਐਡਵਾਂਸ ਪੋਲਿੰਗ ਵਿੱਚ ਲਿਆ ਹਿੱਸਾ

ਟੋਰਾਂਟੋ, 15 ਅਕਤੂਬਰ (ਪੋਸਟ ਬਿਊਰੋ) : ਇਸ ਵਾਰੀ ਐਡਵਾਂਸ ਪੋਲਿੰਗ ਵਿੱਚ ਹੀ 4.7 ਮਿਲੀਅਨ ਕੈਨੇਡੀਅਨਾਂ ਵੱਲੋਂ ਆਪਣੀ ਵੋਟ ਦੀ ਵਰਤੋਂ ਕੀਤੀ ਜਾ ਚੁੱਕੀ ਹੈ। ਇਲੈਕਸ਼ਨ ਕੈਨੇਡਾ ਵੀ ਇਸ ਵਾਰੀ ਹੋਈ ਐਡਵਾਂਸ ਪੋਲਿੰਗ ਤੋਂ ਕਾਫੀ ਹੈਰਾਨ ਹੈ।




ਫੈਡਰਲ ਏਜੰਸੀ ਦਾ ਕਹਿਣਾ ਹੈ ਕਿ 2015 ਦੇ ਮੁਕਾਬਲੇ ਇਸ ਵੀਕੈਂਡ ਹੋਈ ਅੰਦਾਜ਼ਨ 4.7 ਮਿਲੀਅਨ ਵੋਟਿੰਗ ਇਸ ਰੁਝਾਨ ਵਿੱਚ 29 ਫੀ ਸਦੀ ਦਾ ਵਾਧਾ ਦਰਸਾਉਂਦੀ ਹੈ। ਹੁਣ ਤੱਕ ਹੋਈ ਐਡਵਾਂਸ ਵੋਟਿੰਗ ਦਾ ਇਹ ਸੱਭ ਤੋਂ ਵੱਡਾ ਰਿਕਾਰਡ ਵੀ ਹੈ। ਜ਼ਿਕਰਯੋਗ ਹੈ ਕਿ ਐਡਵਾਂਸ ਪੋਲਿੰਗ ਸ਼ੁੱਕਰਵਾਰ ਨੂੰ ਸ਼ੁਰੂ ਹੋਈ ਸੀ ਤੇ ਇਹ ਥੈਂਕਸਗਿਵਿੰਗ ਲਾਂਗ ਵੀਕੈਂਡ ਉੱਤੇ ਵੀ ਚੱਲਦੀ ਰਹੀ। ਇਲੈਕਸ਼ਨ ਕੈਨੇਡਾ ਦੇ ਡਾਟਾ ਅਨੁਸਾਰ ਸ਼ੁੱਕਰਵਾਰ ਨੂੰ 1.24 ਮਿਲੀਅਨ ਵੋਟਾਂ ਪਈਆਂ ਜਦਕਿ ਸੋਮਵਾਰ ਨੂੰ ਵੀ ਛੁੱਟੀ ਵਾਲੇ ਦਿਨ 1.6 ਮਿਲੀਅਨ ਵੋਟਾਂ ਪਈਆਂ। ਸ਼ਨਿੱਚਰਵਾਰ ਤੇ ਐਤਵਾਰ ਕ੍ਰਮਵਾਰ 977,000 ਤੇ 915,000 ਵੋਟਾਂ ਪਈਆਂ।

ਇੱਕ ਨਿਊਜ਼ ਰਲੀਜ਼ ਵਿੱਚ ਚੀਫ ਇਲੈਕਟੋਰਲ ਆਫੀਸਰ ਸਟੇਫਨੀ ਪੇਰਾਲਟ ਨੇ ਆਖਿਆ ਕਿ ਆਪਣੀ ਵੋਟ ਦੇ ਅਧਿਕਾਰ ਦੀ ਅਗਾਊਂ ਵਰਤੋਂ ਕਰਨ ਦੀ ਦਿੱਤੀ ਗਈ ਇਸ ਸਹੂਲਤ ਦਾ ਵੱਧ ਤੋਂ ਵੱਧ ਕੈਨੇਡੀਅਨ ਲਾਹਾ ਲੈ ਰਹੇ ਹਨ। ਉਨ੍ਹਾਂ ਆਖਿਆ ਕਿ ਬੇਹੱਦ ਧਿਆਨ ਨਾਲ ਕੀਤੀ ਗਈ ਇਸ ਪਲੈਨਿੰਗ ਲਈ ਉਹ ਆਪਣੇ ਰਿਟਰਨਿੰਗ ਅਫਸਰਾਂ ਤੇ ਹਜ਼ਾਰਾਂ ਇਲੈਕਸ਼ਨ ਵਰਕਰਾਂ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਕਾਰਨ ਇਹ ਸੰਭਵ ਹੋ ਸਕਿਆ।

# ਫਿਊਲ ਟਰੱਕ ਤੇ ਬੱਸ ਨਾਲ ਟਕਰਾਈ ਤੇਜ਼ ਰਫਤਾਰ ਐਸਯੂਵੀ

**13 ਸਾਲਾ ਲੜਕਾ ਨਿਕਲਿਆ ਡਰਾਈਵਰ, ਐਸਆਈਯੂ ਕਰ ਰਹੀ ਹੈ ਮਾਮਲੇ ਦੀ ਜਾਂਚ**




ਟੋਰਾਂਟੋ, 15 ਅਕਤੂਬਰ (ਪੋਸਟ ਬਿਊਰੋ) : 13 ਸਾਲਾ ਲੜਕੇ ਵੱਲੋਂ ਮੰਗਲਵਾਰ ਸਵੇਰੇ ਨੌਰਥ ਯੌਰਕ ਵਿੱਚ ਕਥਿਤ ਤੌਰ ਉੱਤੇ ਐਸਯੂਵੀ ਨੂੰ ਤੇਜ਼ ਰਫਤਾਰ ਨਾਲ ਫਿਊਲ ਟਰੱਕ ਤੇ ਟਰਾਂਜ਼ਿਟ ਬੱਸ ਵਿੱਚ ਟਕਰਾਉਣ ਦੇ ਮਾਮਲੇ ਦੀ ਸਪੈਸ਼ਲ ਇਨਵੈਸਟੀਗੇਸਨ ਯੂਨਿਟ (ਐਸਆਈਯੂ) ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਇਸ ਹਾਦਸੇ ਕਾਰਨ ਇੱਕ ਹੋਰ 13 ਸਾਲਾ ਲੜਕੇ ਨੂੰ ਗੰਭੀਰ ਸੱਟਾਂ ਲੱਗੀਆਂ ਹਨ।

ਐਸਆਈਯੂ ਨੇ ਦੱਸਿਆ ਕਿ ਪੁਲਿਸ ਅਧਿਕਾਰੀਆਂ ਨੇ ਦੋ 13 ਸਾਲਾ ਲੜਕਿਆਂ ਨੂੰ ਤੜਕੇ 4:40 ਉੱਤੇ ਡਫਰਿਨ ਤੇ ਵਾਅਨ ਵਿੱਚ ਸੈਂਟਰ ਸਟਰੀਟਜ਼ ਉੱਤੇ ਐਸਯੂਵੀ ਵਿੱਚ ਤੇਜ਼ ਰਫਤਾਰ ਨਾਲ ਸਫਰ ਕਰਦਿਆਂ ਵੇਖਿਆ।

...ਬਾਕੀ ਪੰਨਾ 6 'ਤੇ

# ਮੋਦੀ ਵੱਲੋਂ ਪਾਕਿ ਦੇ ਵਿਰੁੱਧ ਪਾਣੀ ਦੀ 'ਸਰਜੀਕਲ ਸਟ੍ਰਾਈਕ' ਦਾ ਸੰਕੇਤ

*** ਦੇਸ਼ ਦੇ ਹਿੱਤਾਂ ਲਈ ਕਦਮ ਚੁੱਕਦੇ ਰਹਾਂਗੇ : ਮੋਦੀ**



ਕੁਰੂਕਸ਼ੇਤਰ, 15 ਅਕਤੂਬਰ, (ਪੋਸਟ ਬਿਊਰੋ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਪਾਕਿਸਤਾਨ ਦੇ ਖਿਲਾਫ ਪਾਣੀ ਦੇ ਮਾਮਲੇ ਵਿੱਚ ਵੀ ਸਰਜੀਕਲ ਸਟਰਾਈਕ ਦਾ ਸੰਕੇਤ ਦੇ ਦਿੱਤਾ ਹੈ। ਅੱਜ ਮੰਗਲਵਾਰ ਹਰਿਆਣਾ ਵਿੱਚ'ਵਿਜੈ ਸੰਕਲਪ ਰੈਲੀ'ਦੌਰਾਨ ਪਾਣੀ ਦੇ ਮੁੱਦੇ ਉੱਤੇਪ੍ਰਧਾਨ ਮੰਤਰੀ ਮੋਦੀ ਨੇ ਕਾਂਗਰਸ ਨੂੰ ਦੋਸ਼ੀ ਕਿਹਾ ਤੇ ਥੁੜ੍ਹਾਂ ਮਾਰੇ ਖੇਤਰਾਂ ਦੇ ਕਿਸਾਨਾਂ ਲਈ ਪਾਣੀ ਦੇ ਸੰਕਟ ਦੇ ਪੱਕੇ ਹੱਲ ਦਾ ਭਰੋਸਾ ਦਿਵਾਇਆ।ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਜਾਂਦਾ ਪਾਣੀ ਰੋਕ ਕੇ ਆਪਣੇ ਕਿਸਾਨਾਂ ਨੂੰ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਦੇਸ਼ ਅੱਤਵਾਦ ਦਾ ਨਵਾਂ ਦੌਰ ਨਹੀਂ ਝੱਲੇਗਾ।

ਵਿਧਾਨ ਸਭਾ ਚੋਣਾਂ ਲਈ ਮੱਧ ਹਰਿਆਣਾ ਦੇ ਚਰਖੀ ਦਾਦਰੀ ਤੇ ਉੱਤਰੀ ਹਰਿਆਣਾ ਦੇ ਕੁਰੂਕਸ਼ੇਤਰ ਹਲਕੇ ਵਿੱਚਦੋ ਰੈਲੀਆਂ ਵਿੱਚਪ੍ਰਧਾਨ ਮੰਤਰੀ ਮੋਦੀ ਨੇ ਡੇਢ ਘੰਟੇ ਤੋਂਵੱਧ ਲੰਮੇ ਭਾਸ਼ਣ ਵਿੱਚ ਪਾਕਿਸਤਾਨ ਵੱਲ ਜਾਂਦੀਆਂ ਨਦੀਆਂ ਦੇ ਪਾਣੀ ਦਾ ਜ਼ਿਕਰ ਛੋਹਿਆ ਅਤੇ ਕਿਹਾ ਕਿ ਪਾਕਿਸਤਾਨ ਜਾਂਦੇ ਪਾਣੀ ਉੱਤੇ ਸਾਡੇ ਹਰਿਆਣਾ ਅਤੇ ਰਾਜਸਥਾਨ ਦੇ ਕਿਸਾਨਾਂ ਦਾ ਹੱਕ ਹੈ, ਉਨ੍ਹਾਂ ਦਾ ਇਹ ਹੱਕ ਦਿਵਾਇਆ ਜਾਵੇਗਾ। ਇਸ ਮੌਕੇ ਨਰਿੰਦਰ ਮੋਦੀ ਨੇ ਕਿਸਾਨਾਂ ਦੇ ਨਾਲ ਜਵਾਨਾਂ ਤੇ ਰਾਫੇਲ ਜਹਾਜ਼ਾਂ ਦੀ ਗੱਲ ਕੀਤੀ ਤੇ ਜੰਮੂ-ਕਸ਼ਮੀਰ ਤੋਂ ਧਾਰਾ 370 ਨੂੰ ਹਟਾਉਣ ਦੇ ਆਪਣੀ ਸਰਕਾਰ ਦੇ ਫ਼ੈਸਲੇਨੂੰ ਜਾਇਜ਼ ਦੱਸਿਆ।ਉਨ੍ਹਾਂ ਨੇ 2022 ਤਕ ਹਰ ਪਰਿਵਾਰ ਨੂੰ ਪੱਕਾ ਘਰ ਦੇਣ, ਹਰ ਕਿਸਾਨ ਨੂੰ 60 ਸਾਲ ਦੀ ਉਮਰ ਹੋਣ ਉੱਤੇ ਤਿੰਨ ਹਜ਼ਾਰ ਰੁਪਏ ਪੈਨਸ਼ਨ ਦੇ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ। ਦੋਵਾਂ ਰੈਲੀਆਂ ਵਿੱਚ ਪ੍ਰਧਾਨ ਮੰਤਰੀ ਨੇ ਆਪਣਾ ਹਰਿਆਣਾ ਕੁਨੈਕਸ਼ਨ ਵੀ ਜੋੜਿਆਅਤੇ ਕਿਹਾ ਕਿ ਅੱਤਵਾਦ ਕਾਰਨ ਕਿਸੇ ਮਾਂ ਦੀ ਗੋਦ ਸੁੰਨੀ ਨਹੀਂ ਹੋਣ ਦਿੱਤੀ ਜਾਵੇਗੀ।

ਕੁਰਕਸ਼ੇਤਰ ਰੈਲੀ ਵਿੱਚ ਮੋਦੀ ਨੇ ਨਰਿੰਦਰ ਮੋਦੀ ਨੇ ਸਿੱਖਾਂ ਦਾ ਭਰੋਸਾ ਜਿੱਤਣ ਦੀ ਪੂਰੀ ਕੋਸ਼ਿਸ਼ ਕੀਤੀਤੇ ਕਿਹਾ ਕਿ ਦੇਸ਼ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾ ਰਿਹਾ ਹੈ, ਜਿਸ ਨੂੰ ਸ਼ਾਨਦਾਰ ਰੂਪ ਦੇਣ ਲਈ ਭਾਰਤ ਸਰਕਾਰ ਪੂਰੀ ਤਿਆਰੀ ਕਰ ਰਹੀ ਹੈ ਤੇ ਕਰਤਾਰ-ਪੁਰ ਸਾਹਿਬ ਲਾਂਘੇ ਦਾ ਕੰਮ ਵੀ ਹੋ ਰਿਹਾ ਹੈ। ਨਰਿੰਦਰ ਮੋਦੀ ਨੇ ਕਿਹਾ ਕਿ 70 ਸਾਲ ਪਹਿਲਾਂ ਦੇਸ਼ ਵਿੱਚ ਜਿਹੜੀ ਰਣਨੀਤਕ ਉਕਾਈ ਹੋ ਗਈ ਸੀ, ਉਸਦਾ ਅਸੀਂ ਸੁਧਾਰ ਕੀਤਾ ਹੈ। ਇਸ ਵਾਰ ਦਾ ਪ੍ਰਕਾਸ਼ ਪੁਰਬ ਸਾਰੀਆਂ ਖ਼ੁਸ਼ੀਆਂ ਲੈ ਕੇ ਆਵੇਗਾ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272 www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton,ON,L6X0T9

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Tel: 905-913-2355 Fax: 905-913-2344
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | Avon Financial
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
Cell: 416 726 6206 Tel: 905 405 0001
NC Dhawan Certified Instructor

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205 www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL 416 938 4598

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING 647-784-1213

Ride Ontario's Heritage Railway

SPECIAL RIDES
FALL COLOURS TOURS

Oct 5,6, Oct 12,13,14 & Oct 19, 20




SOUTH SIMCOE RAILWAY
ONTARIO'S FIRST STEAM HERITAGE RAILWAY

ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜ਼ਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ

Ask about on-board Birthday Parties!



ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ

ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca

GPS 44 . 01 . 19 N
79 . 48 . 27 W

or call:905.936.5815

VISA MasterCard Interac



NEW

NATION-WIDE. NO ZONES.
TALK, TEXT & DATA PLANS
$35/MO.

Data everywhere.
No surprise charges anywhere.

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਰੱਖ ਲਈ ਮੀਟਿੰਗ ਤੇ ਰੱਖ ਕੇ ਰੱਦ ਕੀਤੀ,
ਸੁਣਿਆ ਫੇਰ ਲਈ ਹੈ ਕੋਈ ਸੱਦ ਮਿੱਤਰ।
ਅੰਬਰਸਰ ਵਿੱਚ ਚੱਕਰ ਜਿਹਾ ਮੀਟਿੰਗਾਂ ਦਾ,
ਟੱਪਦਾ ਜਾ ਰਿਹਾ ਦਿੱਸੇ ਪਿਆ ਹੱਦ ਮਿੱਤਰ।
ਪੁੱਛਿਆ ਜਾਂਦਾ ਤਾਂ ਦੱਸਦਾ ਕੋਈ ਹੈ ਨਹੀਂ,
ਵਿਚਾਰ ਗੋਚਰੀ ਕਿਹੜੀ ਹੈ ਮੱਦ ਮਿੱਤਰ।
ਮੀਟਿੰਗਾਂ ਸੱਦਣ ਜਾਂ ਰੱਦ ਉਹ ਕਰਨ ਵਾਲੇ,
ਸਿਆਸੀ ਜਿਨ੍ਹਾਂ ਦਾ ਕੋਈ ਨਾ ਕੱਦ ਮਿੱਤਰ।
ਹੋ ਗਈ ਮੀਟਿੰਗ ਤਾਂ ਹੋਣੀ ਆ ਰਸਮ ਪੂਰੀ,
ਕਰਨੀ ਹੁੰਦੀ ਨਹੀਂ ਅਸਲ ਵਿਚਾਰ ਮਿੱਤਰ।
ਜਿਹੜਾ ਹੁੰਦਾ ਕੋਈ ਮਤਾ ਵੀ ਪਾਸ ਕਰਨਾ,
ਕੀਤਾ ਮਿਲਦਾ ਉਹ ਕਿਤੇ ਤਿਆਰ ਮਿੱਤਰ।

**ਤੀਸ ਮਾਰ ਖਾਂ**

# ਅਮਰਿੰਦਰ ਸਿੰਘ ਵੱਲੋਂ ਸ੍ਰੀ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਸਾਂਝੇ ਪ੍ਰੋਗਰਾਮ ਦੀ ਪੇਸ਼ਕਸ਼

550ਵਾਂ ਪ੍ਰਕਾਸ਼ ਪੁਰਬ

*** ਬਾਦਲ ਦੇ ਮੰਚ ਉੱਤੇ ਬੈਠਣ ਨਾ ਬੈਠਣ ਦਾ ਫੈਸਲਾ 21 ਨੂੰ * ਅਕਾਲ ਤਖਤ ਦੇ ਜਥੇਦਾਰ ਨੇ ਸਿੰਘ ਸਾਹਿਬਾਨ ਦੀ ਮੀਟਿੰਗ ਸੱਦੀ**

ਚੰਡੀਗੜ੍ਹ, 15 ਅਕਤੂਬਰ, (ਪੋਸਟ ਬਿਊਰੋ)-ਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਾਲੇਇਸ ਗੱਲ ਦੀ ਲਗਭਗ ਸਹਿਮਤੀ ਬਣ ਗਈ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਵਾਸਤੇ ਮੁੱਖ ਸਮਾਗਮਮਿਲ ਕੇ ਮਨਾਏ ਜਾਣੇ ਚਾਹੀਦੇ ਹਨ। ਇਸ ਸੰਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸਾਫ਼ ਕਹਿ ਦਿੱਤਾ ਹੈ ਕਿ ਇਸ ਪ੍ਰੋਗਰਾਮ ਦੇ ਵਾਸਤੇ ਇਕੋ ਸਾਂਝਾ ਮੰਚ ਹੀ ਸਥਾਪਤ ਕੀਤਾ ਜਾਵੇਗਾ।

ਅੱਜ ਮੰਗਲਵਾਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਫੋਨ ਕਰ ਕੇ ਉਨ੍ਹਾਂ ਦੀ ਸਰਪਰਸਤੀ ਵਿੱਚਪੰਜਾਬ ਸਰਕਾਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਂਝੇ ਮੁੱਖ ਸਮਾਗਮ ਕਰਾਉਣ ਦੀ ਸਹਿਮਤੀ ਦੇਂਦੇ ਹੋਏ ਇਹ ਵੀ ਕਿਹਾ ਕਿ ਮੁੱਖ ਸਮਾਗਮ ਵਿੱਚ ਪੰਜ ਤਖ਼ਤਾਂ ਦੇ ਜਥੇਦਾਰ ਸਾਹਿਬਾਨ, ਪ੍ਰਧਾਨ ਮੰਤਰੀ ਜਾਂ ਉਨ੍ਹਾਂ ਦਾ ਕੋਈ ਨੁਮਾਇੰਦਾ, ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਮੁੱਖ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੀ ਸਟੇਜ ਉੱਤੇ ਬੈਠਣਗੇ ਅਤੇ ਮੰਚ ਤੋਂਕਿਸੇਵੀ ਤਰ੍ਹਾਂ ਦੀ ਸਿਆਸੀ ਗੱਲ ਨਹੀਂ ਕੀਤੀ ਜਾਵੇਗੀ। ਇਸ ਨਾਲ ਸਹਿਮਤੀ ਦਾ ਇੱਕ ਰਾਹ ਨਿਕਲ ਸਕਦਾ ਹੈ।




ਅਸਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮੁੱਖ ਸਮਾਗਮ ਮਨਾਉਣ ਵਿੱਚਅੜਿੱਕੇਤੋੜਨ ਲਈਪੰਜਾਬ ਸਰਕਾਰ ਨੇ ਅੱਜ ਮੰਗਲਵਾਰ ਨੂੰ ਪਹਿਲ ਕਰ ਕੇ ਸੁਲਤਾਨਪੁਰ ਲੋਧੀ ਵਿਖੇ 11-12 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਸਰਪ੍ਰਸਤੀ ਹੇਠ ਸਮਾਗਮ ਕਰਾਉਣ ਦੀ ਪੇਸ਼ਕਸ਼ ਕਰ ਦਿੱਤੀ ਹੈ। ਮੁੱਖ ਮੰਤਰੀ ਨੇ ਖੁਦ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਫੋਨ ਉੱਤੇ ਗੱਲਬਾਤ ਕੀਤੀ ਤੇ ਉਨ੍ਹਾਂ ਦੇ ਦੋ ਮੰਤਰੀ ਸਾਥੀ ਚਰਨਜੀਤ ਸਿੰਘ ਚੰਨੀ ਤੇ ਸੁਖਜਿੰਦਰ ਸਿੰਘ ਰੰਧਾਵਾ ਵੀ ਸਰਕਾਰ ਦੀ ਪੇਸ਼ਕਸ਼ ਲੈ ਕੇ ਜਥੇਦਾਰ ਸਾਹਿਬ ਨੂੰ ਵੀ ਮਿਲੇ। ਇਸ ਪਿੱਛੋਂ ਦੋਵਾਂ ਮੰਤਰੀਆਂ ਨੇਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਵੱਲੋਂ ਜਥੇਦਾਰ ਨੂੰ ਬੇਨਤੀ ਕੀਤੀ ਸੀ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਨਿਰਦੇਸ਼ ਦੇਣ ਕਿ ਉਹ ਅਧਿਕਾਰਤ ਸਮਾਗਮ ਲਈ ਸਹਿਯੋਗ ਦੇਣ, ਤਾਂ ਜੋ ਵੱਖਰੀ ਸਟੇਜ ਸਜਾਉਣ ਲਈ ਸੰਗਤ ਦੇ 12-15 ਕਰੋੜ ਰੁਪਏ ਵਿਅਰਥ ਨਾ ਜਾਣ, ਕਿਉਂਕਿ ਪੰਜਾਬ ਸਰਕਾਰ ਇਸ ਇਤਿਹਾਸਕ ਦਿਹਾੜੇ ਲਈ ਲੋੜੀਂਦਾ ਢਾਂਚਾ ਤਿਆਰ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹੀ ਪੈਸਾ ਧਰਮ ਪ੍ਰਚਾਰ ਦੇ ਕੰਮ ਲਈ ਲਾਇਆ ਜਾਵੇ, ਜਿਹੜਾ ਸ਼੍ਰੋਮਣੀ ਕਮੇਟੀ ਦਾ ਮੁੱਖ ਕੰਮ ਹੈ। ਉਨ੍ਹਾਂ ਕਿਹਾ ਕਿ ਦੋ ਸਟੇਜਾਂ ਤੋਂ ਕਰਵਾਏ ਗਏ ਵੱਖੋ-ਵੱਖ ਸਮਾਗਮ ਨਾਲ ਸੰਗਤਾਂ ਲਈ ਵੀ ਉਲਝਣ ਹੋਵੇਗੀ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦੀ ਪੇਸ਼ਕਸ਼ ਦੇ ਮੁਤਾਬਕ ਮੁੱਖ ਸਮਾਗਮ ਵਿੱਚ ਕਿਸੇ ਨੂੰ ਵੀ ਰਾਜਸੀ ਭਾਸ਼ਣ ਕਰਨ ਦੀ ਇਜਾਜ਼ਤ ਬਿਲਕੁਲਨਹੀਂ ਦਿੱਤੀ ਜਾਵੇਗੀ।

ਇਸ ਦੌਰਾਨਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਕਿਹਾ ਕਿ ਉਹ 11-12 ਨਵੰਬਰ ਨੂੰ ਸੁਲਤਾਨਪੁਰ ਲੋਧੀ ਦੇ ਮੁੱਖ ਸਮਾਗਮ ਦੇ ਪ੍ਰੋਗਰਾਮ ਨੂੰ ਅੰਤਿਮ ਛੋਹਾਂ ਦੇਣ ਲਈ ਅਗਲੇ ਹਫਤੇ ਪੰਜ ਤਖਤਾਂ ਦੇ ਜਥੇਦਾਰਾਂ ਦੀ ਮੀਟਿੰਗ ਸੱਦਣਗੇ। ਉਂਜ ਕਿਆਫੇ ਲੱਗ ਰਹੇ ਹਨ ਕਿ ਕੀ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦੇ ਸਾਂਝੇ ਮੰਚ ਤੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਕੈਪਟਨ ਅਮਰਿੰਦਰ ਸਿੰਘ ਲਾਂਭੇ ਕਰਨਾ ਚਾਹੁੰਦੇ ਹਨ? ਇਹਫੈਸਲਾ 21 ਅਕਤੂਬਰ ਨੂੰ ਹੋਣ ਵਾਲੀ ਸਿੰਘ ਸਾਹਿਬਾਨ ਦੀ ਮੀਟਿੰਗਹੋ ਸਕਦਾ ਹੈ ਕਿ ਬਾਦਲ ਪਰਿਵਾਰ ਦੇ ਇਹ ਦੋ ਜੀਅ ਮੰਚ ਉੱਤੇ ਹੋਣਗੇ ਜਾਂ ਨਹੀਂ।ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਿਸੇ ਵੀ ਕੀਮਤ ਉੱਤੇ ਮੰਚ ਤੋਂਇਨ੍ਹਾਂ ਦੋਵਾਂ ਨੂੰ ਦੂਰ ਰੱਖਣਾ ਚਾਹੁੰਦੀ ਹੈ ਤੇ ਅਕਾਲੀ ਦਲ ਦੀ ਕੋਸ਼ਿਸ਼ ਹੈ ਕਿ ਦੋਵੇਂ ਬਾਦਲ ਮੰਚ ਉੱਤੇ ਹੋਣ, ਪਰ ਪਾਰਟੀ ਵੱਲੋਂ ਰਸਮੀ ਤੌਰ ਉੱਤੇ ਕੁਝ ਨਹੀਂ ਕਿਹਾ ਜਾ ਰਿਹਾ। ਪਾਰਟੀ ਦੇ ਮੁੱਖ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਸਿਰਫ ਏਨਾ ਕਿਹਾ ਹੈ ਕਿ ਸਮਾਗਮ ਦੇ ਮੰਚ ਉੱਤੇ ਕੌਣ ਬੈਠੇਗਾ ਅਤੇ ਕੌਣ ਨਹੀਂ, ਇਹ ਫ਼ੈਸਲਾ 21 ਨੂੰ ਹੋਣ ਵਾਲੀ ਮੀਟਿੰਗ ਵਿੱਚ ਹੋਣਾ ਹੈ।

GNR ਹਰਬਲ ਤੇਲ | 647-853-5800
globalnaturalremedies@yahoo.com
Ask For:
• Saffron Oil
• Therapeutic Essential Oils
• Herbal Teas
Ext. Use Only
Pain-Care — Joint Support — $9.99
He-Oil — For Men Only — $19.99
Stress-Care — Feel Relaxed — $9.99
GLOBAL NATURAL REMEDIES

## ਭਾਰਤੀ ਰਾਜਦੂਤ ਨੇ ਰਿਫਰੈਂਡਮ 2020 ਦੀ ਗੱਲ ਕਰਨ ਵਾਲਿਆਂ ਨੂੰ ਪਾਕਿ ਦੇ ਏਜੰਟ ਕਿਹਾ

ਵਾਸ਼ਿੰਗਟਨ, 15 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਹਰਸ਼ਵਰਧਨ ਸ਼੍ਰਿੰਗਲਾ ਨੇ 2020 ਦੀ ਰਿਫਰੈਂਡਮ ਦੀ ਗੱਲ ਕਰਨ ਵਾਲੇ ਕੁਝ ਖਾਲਿਸਤਾਨ ਸਮਰਥਕਾਂ ਨੂੰ ਪਾਕਿਸਤਾਨੀ ਏਜੰਟ ਕਿਹਾ ਹੈ।

ਹਰਸ਼ਵਰਧਨ ਸ਼੍ਰਿੰਗਲਾ ਨੇ ਦੋਸ਼ ਲਾਇਆ ਕਿ ਮੁੱਠੀ ਭਰ ਲੋਕ ਪਾਕਿਸਤਾਨੀ ਇਸ਼ਾਰੇ ਉਤੇ ਭਾਰਤ ਵਿੱਚ ਅੱਤਵਾਦੀ ਗਤੀਵਿਧੀਆਂ ਨੂੰ ਤੇਜ਼ ਕਰਨ ਦੀ ਫਿਰਾਕ ਵਿੱਚ ਹਨ। ਉਨ੍ਹਾ ਕਿਹਾ ਕਿ ਕੁਝ ਹਤਾਸ਼ ਲੋਕਾਂ ਦੇ ਇਸ ਗਰੁੱਪ ਨੂੰ ਸਿੱਖਾਂ ਵੱਲੋਂ ਜ਼ਰਾ ਜਿੰਨਾ ਵੀ ਸਮਰਥਨ ਨਹੀਂ ਮਿਲਦਾ, ਪਰ ਅਮਰੀਕਾ ਤੋਂ ਸਰਗਰਮ ਕੁਝ ਵੱਖਵਾਦੀ ਸਿੱਖਾਂ ਨੇ ਇਸ ਮੁਹਿੰਮ ਦੇ ਨਾਂਅ 'ਤੇ ਆਪਣੀ ਦੁਕਾਨਦਾਰੀ ਚਲਾ ਰੱਖੀ ਹੈ। ਇਹ ਲੋਕ ਰਿਫਡੈਂਟਮ 2020 ਦੇ ਬਹਾਨੇ ਲੋਕਾਂ ਨੂੰ ਗੁਮਰਾਹ ਕਰਦੇ ਹਨ।

ਬਾਲਟੀਮੋਰ ਦੇ ਇੱਕ ਗੁਰਦੁਆਰੇ ਵਿੱਚ ਅਰਦਾਸ ਕਰਨ ਦੇ ਬਾਅਦ ਸ਼੍ਰਿੰਗਲਾ ਨੇ ਕਿਹਾ ਕਿ ਰਿਫਰੈਂਡਮ ਦੇ ਕਰਨ ਵਾਲੇ ਕੁਝ ਲੋਕ ਹਨ, ਇਹ ਬੇਕਾਰ ਦਾ ਮੁੱਦਾ ਹੈ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿੱਚ ਉਨ੍ਹਾਂ ਨੇ ਇਹ ਤਲਖ ਟਿੱਪਣੀ ਕੀਤੀ। ਉਨ੍ਹਾਂ ਕਿਹਾ ਕਿ ਇਹ ਲੋਕ ਹਤਾਸ਼ ਹਨ ਅਤੇ ਵਾਰਦਾਤਾਂ ਕਰਨ ਦੀ ਤਾਕ ਵਿੱਚ ਹਨ ਤੇ ਮੇਰਾ ਮੰਨਣਾ ਹੈ ਕਿ ਇਹ ਲੋਕ ਗੈਰ ਪ੍ਰਸੰਗਕ ਹੋ ਚੁੱਕੇ ਹਨ ਤੇ ਜਲਦੀ ਹੀ ਅਤੀਤ ਦੀ ਗੱਲ ਹੋ ਜਾਣਗੇ। ਉਨ੍ਹਾ ਦਾ ਕਹਿਣਾ ਸੀ, ਅਸੀਂ ਜਾਣਦੇ ਹਾਂ ਕਿ ਇਹ ਉਹ ਲੋਕ ਹਨ, ਜਿਨ੍ਹਾਂ ਨੂੰ ਸਾਡੇ ਗੁਆਂਢੀ ਦੁਸ਼ਮਣ ਦੇਸ਼ ਤੋਂ ਖੁੱਲ੍ਹੀ ਮਦਦ ਮਿਲਦੀ ਹੈ।

# ਸਾਬਕਾ ਕੇਂਦਰੀ ਮੰਤਰੀ ਪ੍ਰਫੁੱਲ ਪਟੇਲ ਤੋਂ 18 ਨੂੰ ਪੁੱਛ ਗਿੱਛ ਵਾਸਤੇ ਸੰਮਨ ਜਾਰੀ

*** ਗੈਂਗਸਟਰ ਇਕਬਾਲ ਮਿਰਚੀ ਨਾਲ ਸਬੰਧਾਂ ਦੀ ਜਾਂਚ ਸ਼ੁਰੂ**

ਨਵੀਂ ਦਿੱਲੀ, 15 ਅਕਤੂਬਰ, (ਪੋਸਟ ਬਿਊਰੋ)-ਸੰਸਾਰ ਭਰ ਵਿੱਚ ਬਦਨਾਮ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਦੇ ਖ਼ਾਸ ਸਾਥੀ ਮੰਨੇ ਜਾਂਦੇ ਰਹੇ ਗੈਂਗਸਟਰ ਇਕਬਾਲ ਮਿਰਚੀ ਨਾਲ ਸਬੰਧਾਂ ਬਾਰੇ ਸਾਬਕਾ ਕੇਂਦਰੀ ਹਵਾਬਾਜ਼ੀ ਮੰਤਰੀ ਅਤੇ ਐੱਨ ਸੀਪੀ ਪਾਰਟੀ ਦੇ ਸੀਨੀਅਰ ਨੇਤਾ ਪ੍ਰਫੁੱਲ ਪਟੇਲ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਪੁੱਛਗਿੱਛ ਲਈ 18 ਅਕਤੂਬਰ ਨੂੰ ਤਲਬ ਕਰ ਲਿਆ ਹੈ। ਇਹ ਸੰਮਣ ਮਹਾਰਾਸ਼ਟਰ ਚੋਣਾਂ ਦੌਰਾਨ ਜਾਰੀ ਹੋਏ ਹਨ।

ਸੰਮਨ ਜਾਰੀ ਕਰਨਪਿੱਛੋਂਈਡੀ ਨੇ ਦਾਅਵਾ ਕੀਤਾ ਹੈ ਕਿ ਪ੍ਰਫੁੱਲ ਪਟੇਲ ਅਤੇ ਇਕਬਾਲ ਮਿਰਚੀ ਦੀ ਪਤਨੀ ਹਾਜਰਾ ਇਕਬਾਲ ਮੈਮਨ ਦੇ ਕਾਰੋਬਾਰੀ ਰਿਸ਼ਤੇ ਬਾਰੇ ਉਸ ਕੋਲ ਪੱਕੇ ਸਬੂਤ ਹਨ ਅਤੇ ਮੁੰਬਈ ਦੇ ਇਕ ਪਲਾਟ ਦੀ ਡੀਡ ਉੱਤੇ ਹਾਜਰਾ ਇਕਬਾਲ ਮੈਮਨ ਨਾਲ ਪ੍ਰਫੁੱਲ ਪਟੇਲ ਦੇ ਦਸਖ਼ਤ ਹਨ। 21 ਫਰਵਰੀ 2007 ਨੂੰ ਜਦੋਂ ਇਹ ਸੌਦਾ ਹੋਇਆ ਸੀ, ਓਦੋਂ ਪ੍ਰਫੁੱਲ ਪਟੇਲ ਕੇਂਦਰਸਰਕਾਰ ਵਿੱਚ ਸ਼ਹਿਰੀ ਹਵਾਬਾਜ਼ੀ ਮੰਤਰੀ ਸਨ ਅਤੇ ਉਨ੍ਹਾਂ ਨੇ ਮਿਲੇਨੀਅਮ ਡਿਵੈਲਪਰਜ਼ ਵੱਲੋਂਇਸ ਸੇਲ ਡੀਡ ਉੱਤੇ ਦਸਖ਼ਤ ਕੀਤੇ ਸਨ, ਜਦਕਿ ਇਕਬਾਲ ਮਿਰਚੀ ਦੇ ਖ਼ਿਲਾਫ਼ ਉਸ ਵਕਤ ਜਾਂਚ ਏਜੰਸੀਆਂ ਦਾ ਰੈੱਡ ਕਾਰਨਰ ਨੋਟਿਸ ਜਾਰੀ ਹੋ ਚੁੱਕਾ ਸੀ। ਇਸ ਸੇਲ-ਡੀਡ ਦੀ ਕਾਪੀ ਵਿੱਚ ਹਾਜਰਾ ਇਕਬਾਲ ਨੇ ਆਪਣੇ ਵੱਲੋਂ ਖੁਦ ਤੇ ਆਪਣੇ ਦੋ ਨਾਬਾਲਿਗ ਬੇਟਿਆਂ ਵੱਲੋਂਦਸਖਤ ਕੀਤੇ ਸਨ ਤੇ ਮਿਲੇਨੀਅਮ ਡਿਵੈਲਪਰਜ਼ ਵੱਲੋਂਇਸ ਉੱਤੇਪ੍ਰਫੁੱਲ ਪਟੇਲ ਨੇ ਦਸਤਖ਼ਤ ਕੀਤੇ ਹਨ। ਇਸ ਤੋਂ ਸਾਫ ਹੈ ਕਿ ਪ੍ਰਫੁੱਲ ਪਟੇਲ ਲਈ ਡੀਡ ਉੱਤੇ ਆਪਣੇ ਦਸਖ਼ਤ ਤੋਂ ਇਨਕਾਰ ਕਰਨਾ ਸੌਖਾ ਨਹੀਂ ਹੋਵੇਗਾ। ਇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਵਰਲੀ ਵਿੱਚ ਸੀਜੇ ਹਾਊਸ ਲਈ ਇਕਬਾਲ ਮਿਰਚੀ ਦੀ ਪਤਨੀ ਹਾਜਰਾ ਤੇ ਪ੍ਰਫੁੱਲ ਪਟੇਲ ਦੇ ਪਰਿਵਾਰ ਦੀ ਕੰਪਨੀ ਮਿਲੇਨੀਅਮ ਡਿਵੈਲਪਰਜ਼ ਦਾ ਸੌਦਾ ਹੋਇਆ ਸੀ। ਕਿਹਾ ਜਾਂਦਾ ਹੈ ਕਿ ਸੀਜੇ ਹਾਊਸ ਅਸਲ ਵਿੱਚ ਇਕਬਾਲ ਮਿਰਚੀ ਦੀਆਂ ਬੇਨਾਮੀ ਜਾਇਦਾਦਾਂ ਵਿੱਚੋਂ ਸੀ ਅਤੇ ਇਸ ਸੌਦੇ ਹੇਠ ਮਿਲੇਨੀਅਮ ਡਿਵੈਲਪਰਜ਼ ਨੇ ਸੀਜੇ ਹਾਊਸ ਦੀ ਥਾਂ ਬਣਾਈ ਗਈ ਨਵੀਂ ਇਮਾਰਤ ਵਿੱਚ ਇਕਬਾਲ ਮਿਰਚੀ ਦੀ ਪਤਨੀ ਤੇ ਉਸ ਦੇ ਦੋ ਬੱਚਿਆਂ ਦੇ ਨਾਂ ਉੱਤੇ ਤੀਸਰੀ ਮੰਜ਼ਿਲ ਉੱਤੇ ਨੌਂ ਹਜ਼ਾਰ ਵਰਗ ਫੁੱਟ ਤੇ ਚੌਥੀ ਮੰਜ਼ਿਲ ਉੱਤੇ ਪੰਜ ਹਜ਼ਾਰ ਵਰਗ ਫੁੱਟ ਦੇ ਨਾਲ ਛੇ ਗੱਡੀਆਂ ਲਈ ਕਵਰਡ ਪਾਰਕਿੰਗ ਅਤੇ ਇਕ ਗੱਡੀ ਲਈ ਖੁੱਲ੍ਹੀ ਪਾਰਕਿੰਗ ਦੀ ਦੇਣਦਾ ਸਮਝੌਤਾ ਕੀਤਾ ਸੀ। ਈ ਡੀਪੁੱਛਗਿੱਛ ਕਰਨਾ ਚਾਹੁੰਦੀ ਹੈ ਕਿ ਜੇ ਜ਼ਮੀਨ 1963 ਤੋਂ ਮਿਲੇਨੀਅਮ ਡਿਵੈਲਪਰਜ਼ ਕੋਲ ਸੀ, ਜਿਹੜਾ ਪ੍ਰਫੁੱਲ ਪਟੇਲ ਪਰਿਵਾਰ ਦਾ ਦਾਅਵਾ ਹੈ, ਤਾਂ ਸਾਲ 2007 ਵਿੱਚ ਇਕਬਾਲ ਮਿਰਚੀ ਦੀ ਪਤਨੀ ਤੇ ਬੱਚਿਆਂ ਨੂੰ ਇਸ ਵਿਚੋਂ 14 ਹਜ਼ਾਰ ਵਰਗ ਫੁੱਟ ਥਾਂ ਦੇਣ ਦਾ ਸਮਝੌਤਾ ਕਿਉਂ ਕੀਤਾ ਸੀ।

ਅਸਲ ਵਿੱਚ ਦਾਊਦ ਇਬਰਾਹੀਮ ਦਾ ਸੱਜਾ ਹੱਥ ਮੰਨਿਆ ਜਾਂਦਾ ਇਕਬਾਲ ਮਿਰਚੀ ਡਰੱਗ ਸਮੱਗਲਿੰਗ ਦਾ ਕੰਮ ਦੇਖਦਾ ਸੀ ਤੇਇਸ ਕਾਲੀ ਕਮਾਈ ਤੋਂ ਉਸ ਨੇ ਮੁੰਬਈ, ਮਹਾਰਾਸ਼ਟਰ ਦੇ ਕਈ ਹੋਰ ਇਲਾਕਿਆਂ ਤੇ ਵਿਦੇਸ਼ ਵਿੱਚ ਕਈ ਨਾਮੀ ਬੇਨਾਮੀ ਜਾਇਦਾਦਾਂ ਬਣਾਈਆਂ ਸਨ। ਸਾਲ 1993 ਦੇ ਮੁੰਬਈ ਬੰਬ ਧਮਾਕਿਆਂ ਪਿੱਛੋਂ ਦਾਊਦ ਦੇ ਗੁਰਗਿਆਂ ਉੱਤੇ ਸ਼ਿਕੰਜਾ ਕੱਸੇ ਜਾਣ ਵੇਲੇ ਇਕਬਾਲ ਮਿਰਚੀ ਦੁਬਈ ਭੱਜ ਗਿਆ ਅਤੇ ਓਥੋਂ ਡਰੱਗ ਸਮੱਗਲਿੰਗ ਦਾ ਕਾਰੋਬਾਰ ਕਰਨ ਲੱਗ ਪਿਆ ਸੀ। ਉਸ ਦੀ ਹੈਸੀਅਤ ਦਾ ਅੰਦਾਜ਼ਾ ਏਥੋਂ ਲੱਗਦਾ ਹੈ ਕਿ 2004 ਵਿੱਚ ਅਮਰੀਕਾ ਨੇ ਉਸ ਨੂੰ ਦੁਨੀਆ ਦੇ 10 ਸਭ ਤੋਂ ਵੱਡੇ ਡਰੱਗ ਸਮੱਗਲਰਾਂ ਵਿੱਚ ਸ਼ਾਮਲ ਕੀਤਾ ਤੇ ਇੰਟਰਪੋਲ ਨੇ ਉਸ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਸੀ। ਸਾਲ 2013 ਵਿੱਚ ਮਿਰਚੀ ਦੀ ਮੌਤ ਹੋ ਗਈ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
➡ Automatic & Manual Trucks
○ 1:1 Training
➡ Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off: 905.673.7979
7542 Bath Rd, Mississauga, ON L4T 1L2

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੌਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਦੁਨੀਆਂ ਦੇ ਸੱਭ ਤੋਂ ਤਕੜੇ ਲੋਕਤੰਤਰ ਨੂੰ ਹੋਰ ਮਜ਼ਬੂਤ ਕਰਨ ਲਈ ਲਿਬਰਲਾਂ ਨੂੰ ਇਕ ਮੌਕਾ ਹੋਰ ਦਿੱਤਾ ਜਾਵੇ : ਜਸਟਿਨ ਟਰੂਡੋ

## ਸ਼ੀਅਰ ਤਾਂ ਫ਼ੋਰਡ ਵੱਲੋਂ ਲਗਾਏ 'ਕੱਟਸ' ਨੂੰ ਚੌਗਣੇ ਹੀ ਕਰੇਗਾ




ਮਿਸੀਸਾਗਾ, (ਡਾ. ਝੰਡ) -ਲੰਘੇ ਸ਼ਨੀਵਾਰ 6900 ਏਅਰਪੋਰਟ ਰੋਡ ਸਥਿਤ ਇੰਟਰਨੈਸ਼ਨਲ ਸੈਂਟਰ ਦੇ ਵਿਸ਼ਾਲ ਕਾਨਫ਼ਰੰਸ ਹਾਲ ਵਿਚ ਹਜ਼ਾਰਾਂ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਇਸ ਸਮੇਂ ਇਸ ਦੁਨੀਆਂ ਦਾ ਸੱਭ ਤੋਂ ਮਜ਼ਬੂਤ ਲੋਕਤੰਤਰ ਹੈ ਅਤੇ ਇਸ ਨੂੰ ਹੋਰ ਮਜ਼ਬੂਤ ਬਨਾਉਣ ਲਈ ਲੋਕਾਂ ਨੂੰ ਲਿਬਰਲ ਪਾਰਟੀ ਨੂੰ ਇਕ ਹੋਰ ਮੌਕਾ ਦੇਣਾ ਚਾਹੀਦਾ ਹੈ। ਇਸ ਮੌਕੇ ਆਪਣੀ ਸਰਕਾਰ ਦੀਆਂ ਮੋਟੀਆਂ-ਮੋਟੀਆਂ ਪ੍ਰਾਪਤੀਆਂ ਬਾਰੇ ਸੰਖੇਪ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਦੇਸ਼ ਵਿਚ 1.1 ਮਿਲੀਅਨ ਲੋਕਾਂ ਨੂੰ ਨਵੀਆਂ ਨੌਕਰੀਆਂ ਦਿੱਤੀਆਂ ਗਈਆਂ ਹਨ, ਮਿਡਲ ਕਲਾਸ ਨੂੰ ਉੱਪਰ ਚੁੱਕਣ ਲਈ ਫ਼ੈਮਿਲੀ ਕੇਅਰ, ਹੈੱਲਥ ਕੇਅਰ, ਕੈਨੇਡਾ ਚਾਈਲਡ ਬੈਨੀਫ਼ਿਟ ਤੇ ਨੈਸ਼ਨਲ ਫ਼ਾਰਮਾਕੇਅਰ ਵਰਗੇ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ ਅਤੇ ਸੀਨੀਅਰਜ਼ ਦੀ ਭਲਾਈ ਲਈ ਕਈ ਕਦਮ ਉਠਾਏ ਗਏ ਹਨ। ਦੇਸ਼ ਦੇ ਅਰਥਚਾਰੇ ਤੇ ਸਮੁੱਚੇ ਇਨਫ਼ਰਾਸਟਰੱਕਚਰ ਨੂੰ ਮਜ਼ਬੂਤ ਕੀਤਾ ਗਿਆ ਹੈ ਅਤੇ ਲੋਕ-ਭਲਾਈ ਦੇ ਕਈ ਨਵੇਂ ਪ੍ਰਾਜੈੱਕਟ ਆਰੰਭ ਕੀਤੇ ਗਏ ਹਨ।

ਆਪਣੀ ਨਿਕਟ-ਵਿਰੋਧੀ ਪੀ.ਸੀ. ਪਾਰਟੀ ਦੇ ਆਗੂ ਐਂਡਰਿਊ ਸ਼ੀਅਰ 'ਤੇ ਤੋੜੇ ਕੱਸਦਿਆਂ ਟਰੂਡੋ ਨੇ ਕਿਹਾ ਕਿ ਸ਼ੀਅਰ ਤਾਂ ਬੱਸ ਕੱਟਾਂ ਲਗਾਉਣੀਆਂ ਹੀ ਜਾਣਦੇ ਹਨ। ਇਸ ਪਾਰਟੀ ਦੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫ਼ੋਰਡ ਵੱਲੋਂ ਸੂਬੇ ਵਿਚ ਲਗਾਈਆਂ ਕੱਟਾਂ ਦਾ ਹਵਾਲਾ ਦਿੰਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਜੇਕਰ ਐਂਡਰਿਊ ਸ਼ੀਅਰ ਸੱਤਾ ਵਿਚ ਆ ਗਏ ਤਾਂ ਉਹ ਫ਼ੈੱਡਰਲ ਬੱਜਟ ਵਿਚ ਫ਼ੋਰਡ ਨਾਲੋਂ ਵੀ ਚੌਗਣੀਆਂ ਕੱਟਾਂ ਲਗਾਉਣਗੇ। ਉਨ੍ਹਾਂ ਕਿਹਾ ਕਿ ਪੀ.ਸੀ.ਪਾਰਟੀ ਵਾਲੇ ਤਾਂ ਬੱਸ ਕੱਟਾਂ ਲਗਾਉਣੀਆਂ ਹੀ ਜਾਣਦੇ ਹਨ ਅਤੇ ਉਨ੍ਹਾਂ ਕੋਲ ਕੈਨੇਡਾ ਲਈ ਸਿਰਫ਼ ਇਕ-ਨੁਕਾਤੀ ਪ੍ਰੋਗਰਾਮ ਹੀ ਹੈ, "ਕੱਟ, ਕੱਟ ਐਂਡ ਕੱਟ"। ਉਹ ਸਿਹਤ, ਸਿੱਖਿਆ ਅਤੇ ਸਮਾਜ-ਭਲਾਈ ਦੇ ਕੰਮਾਂ ਉੱਪਰ ਕੱਟ ਲਗਾ ਕੇ ਬੱਜਟ ਨੂੰ ਬੈਲੈਂਸ ਕਰਨਾ ਚਾਹੁੰਦੇ ਹਨ ਜੋ ਕਿ ਲੋਕ-ਹਿੱਤ ਵਿਚ ਨਹੀਂ ਹੈ। ਲੋਕਾਂ ਨੂੰ ਦੇਸ਼ ਦੇ ਵਿਕਾਸ ਦੇ ਨਾਲ ਨਾਲ ਸੁੱਖ-ਸਹੂਲਤਾਂ ਦੀ ਵੀ ਜ਼ਰੂਰਤ ਹੈ। ਦੂਸਰੇ ਬੰਨੇ ਪੀ.ਸੀ. ਪਾਰਟੀ ਹੈੱਲਥ, ਐਜੂਕੇਸ਼ਨ ਅਤੇ ਫ਼ੈਮਿਲੀ ਕੇਅਰ ਵਰਗੇ ਅਹਿਮ ਪ੍ਰੋਗਰਾਮਾਂ ਉੱਪਰ ਭਾਰੀ ਕੱਟ ਲਗਾ ਕੇ ਪਤਾ ਨਹੀਂ ਕੀ ਸਾਬਤ ਕਰਨਾ ਚਾਹੁੰਦੇ ਹਨ। ਹਾਸੇ-ਮਜ਼ਾਕ ਦੇ ਲਹਿਜ਼ੇ ਵਿਚ ਉਨ੍ਹਾਂ ਕਿਹਾ ਕਿ ਪੀ.ਸੀ. ਪਾਰਟੀ ਛੋਟੇ ਬੱਚਿਆਂ ਦੇ ਡਾਇਪਰਾਂ ਉੱਪਰ ਕੱਟ ਲਗਾ ਕੇ ਕਿੰਨੀ ਕੁ ਬੱਚਤ ਕਰ ਲਵੇਗੀ। ਟਰੂਡੋ ਨੇ ਹੋਰ ਕਿਹਾ ਕਿ ਉਨ੍ਹਾਂ ਦਾ ਉਦੇਸ਼ ਕੈਨੇਡਾ-ਵਾਸੀਆਂ ਦੀ ਭਲਾਈ ਹੈ। ਉਹ ਬੱਚਿਆਂ, ਨੌਜੁਆਨਾਂ ਅਤੇ ਸੀਨੀਅਰਾਂ ਦਾ ਉੱਜਲ ਭਵਿੱਖ ਲੋਚਦੇ ਹਨ। ਉਨ੍ਹਾਂ ਦੀ ਸਰਕਾਰ ਮੁੜ ਬਣਨ 'ਤੇ ਉਹ ਅਮੀਰਾਂ ਉੱਪਰ 1% ਟੈਕਸ ਲਗਾ ਕੇ ਮੱਧ-ਵਰਗ ਦੇ ਜੀਵਨ ਨੂੰ ਹੋਰ ਸੁਖ਼ਾਲਾ ਕਰਨਗੇ। ਉਨ੍ਹਾਂ ਕਿਹਾ ਕਿ 15,000 ਡਾਲਰ ਸਲਾਨਾ ਆਮਦਨ ਵਾਲਿਆਂ ਉੱਪਰ ਆਮਦਨੀ ਟੈਕਸ ਨਹੀਂ ਲੱਗੇਗਾ ਅਤੇ ਸੈੱਲ-ਫ਼ੋਨ ਦੇ ਬਿੱਲ 25% ਘੱਟ ਕੀਤੇ ਜਾਣਗੇ। ਨੈਸ਼ਨਲ ਫ਼ਾਰਮਾਕੇਅਰ ਪ੍ਰੋਗਰਾਮ ਨਾਲ ਦਵਾਈਆਂ ਦੀਆਂ ਕੀਮਤਾਂ ਘੱਟ ਕੀਤੀਆਂ ਜਾਣਗੀਆਂ। ਕੈਨੇਡਾ ਵਿਚ ਗੰਨ ਕਲਚਰ ਨੂੰ ਫੈਲਣ ਤੋਂ ਰੋਕਿਆ ਜਾਏਗਾ ਅਤੇ ਲੋਕਾਂ ਦਾ ਜੀਵਨ ਖ਼ੁਸ਼ਹਾਲ ਬਣਾਇਆ ਜਾਏਗਾ। ਉਨ੍ਹਾਂ ਕਿਹਾ ਕਿ ਸਮਾਜ ਵਿਚ ਚੰਗਾ ਕਰਨ ਦੀ ਸੰਭਾਵਨਾ ਹਮੇਸ਼ਾ ਮੌਜੂਦ ਹੁੰਦੀ ਹੈ। ਉਨ੍ਹਾਂ ਸਾਰਿਆਂ ਨੂੰ ਮਿਲ ਕੇ ਲਿਬਰਲ ਪਾਰਟੀ ਦੇ ਉਮੀਦਵਾਰਾਂ ਦੇ ਹੱਥ ਮਜ਼ਬੂਤ ਕਰਨ ਲਈ ਕਿਹਾ ਅਤੇ ਕੈਨੇਡਾ ਨੂੰ ਹੋਰ ਮਜ਼ਬੂਤ ਕਰਨ ਦੀ ਆਪਣੀ ਇੱਛਾ ਦੁਹਰਾਈ।

ਇਸ ਮੌਕੇ ਬਰੈਂਪਟਨ, ਮਿਸੀਸਾਗਾ, ਕੈਲਾਡਨ, ਸਕਾਰਬਰੋ, ਮਿਲਟਨ, ਬਰਲਿੰਗਟਨ, ਓਕਵਿਲ, ਆਦਿ ਸ਼ਹਿਰਾਂ ਤੋਂ ਉਮੀਦਵਾਰਾਂ ਦੇ ਸਮੱਰਥਕ 40-45 ਸਕੂਲ ਬੱਸਾਂ ਅਤੇ ਆਪਣੀਆਂ ਕਾਰਾਂ ਵਿਚ ਵੱਡੀ ਗਿਣਤੀ ਰੈਲੀ ਵਾਲੇ ਸਥਾਨ 'ਤੇ ਪਹੁੰਚੇ। ਮੰਚ-ਸੰਚਾਲਨ ਦੀ ਸਮੁੱਚੀ ਕਾਰਵਾਈ ਮਿਸੀਸਾਗਾ-ਮਾਲਟਨ ਤੋਂ ਲਿਬਰਲ ਉਮੀਦਵਾਰ ਸਾਬਕਾ ਖੋਜ ਤੇ ਵਿਕਾਸ ਮੰਤਰੀ ਨਵਦੀਪ ਬੈਂਸ ਨੇ ਬਾਖ਼ੂਬੀ ਨਿਭਾਈ। ਉਨ੍ਹਾਂ ਟਰੂਡੋ ਤੋਂ ਪਹਿਲਾਂ ਮਿਸੀਸਾਗਾ ਸੈਂਟਰ ਤੋਂ ਲਿਬਰਲ ਓਮਰ ਅਲਗ਼ਾਬਰਾ ਅਤੇ ਸਾਬਕਾ ਵਿਦੇਸ਼ ਮੰਤਰੀ ਕ੍ਰਿਸਟੀਆਂ ਫ਼ਰੀਲੈਂਡ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਲਿਬਰਲ ਪਾਰਟੀ ਦੀਆਂ ਪਾਲਿਸੀਆਂ ਅਤੇ ਪ੍ਰੋਗਰਾਮਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

# ਪੀ.ਸੀ.ਐੱਚ.ਐੱਸ. ਸੀਨੀਅਰਜ਼ ਕਲੱਬ ਦੇ ਮੈਂਬਰਾਂ ਦਾ ਰੂਬੀ ਸਹੋਤਾ ਨਾਲ ਸੰਵਾਦ



ਬਰੈਂਪਟਨ, (ਡਾ. ਝੰਡ) - ਅਗਲੇ ਹਫ਼ਤੇ 21 ਅਕਤੂਬਰ ਨੂੰ ਹੋ ਰਹੀਆਂ ਫ਼ੈੱਡਰਲ ਚੋਣਾਂ ਵਿਚ ਬਰੈਂਪਟਨ ਨੌਰਥ ਤੋਂ ਲਿਬਰਲ ਉਮੀਦਵਾਰ ਰੂਬੀ ਸਹੋਤਾ ਨਾਲ ਦੇ ਉਨ੍ਹਾਂ ਦੇ ਪਾਰਟੀ ਪਲੇਟਫ਼ਾਰਮ ਬਾਰੇ ਲੰਘੇ ਸ਼ੁੱਕਰਵਾਰ 11 ਅਕਤੂਬਰ ਨੂੰ ਪੀ.ਸੀ.ਐੱਚ.ਐੱਸ. ਸੀਨੀਅਰਜ਼ ਕਲੱਬ ਦੇ ਸ਼ੁੱਕਰਵਾਰ ਵਾਲੇ ਗਰੁੱਪ ਦੇ ਮੈਂਬਰਾਂ ਵੱਲੋਂ ਦਿਲਚਸਪ ਸੰਵਾਦ ਰਚਾਇਆ ਗਿਆ। ਕਲੱਬ ਦੇ ਮੈਂਬਰਾਂ ਦੇ ਸੱਦੇ 'ਤੇ ਰੂਬੀ ਸਹੋਤਾ ਲੱਗਭੱਗ ਸਾਢੇ ਗਿਆਰਾਂ ਵਜੇ ਸੀਨੀਅਰਾਂ ਦੀ ਮੀਟਿੰਗ ਦੇ ਸਥਾਨ 'ਤੇ ਪਹੁੰਚੇ।

ਕਲੱਬ ਦੇ ਮੈਂਬਰ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਰੂਬੀ ਸਹੋਤਾ ਬਾਰੇ ਸੰਖੇਪ ਵਿਚ ਦੱਸਣ ਤੋਂ ਬਾਅਦ ਰੂਬੀ ਸਹੋਤਾ ਨੇ ਆਪਣੇ ਦੂਸਰੀ ਵਾਰ ਇਹ ਫ਼ੈੱਡਰਲ ਚੋਣ ਲੜਨ ਦੇ ਉਦੇਸ਼, ਲਿਬਰਲ ਪਾਰਟੀ ਦੇ ਚੋਣ-ਮਨੋਰਥ ਪੱਤਰ ਅਤੇ ਆਪਣੀ ਪਾਰਟੀ ਦੀ ਪਿਛਲੇ ਚਾਰ ਸਾਲਾਂ ਦੀ ਕਾਰਗੁਜ਼ਾਰੀ ਬਾਰੇ ਦੱਸਿਆ ਅਤੇ ਕਿਹਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਨੂੰ ਲੋਕਾਂ ਵੱਲੋਂ ਇਸ ਵਾਰ ਇਕ ਹੋਰ ਮੌਕਾ ਦਿੱਤਾ ਜਾਂਦਾ ਹੈ ਤਾਂ ਉਹ ਸਰਕਾਰ ਦੇ ਇਸ ਸਮੇਂ ਚੱਲ ਰਹੇ ਕੰਮਾਂ ਨੂੰ ਪੂਰੇ ਕਰਨਗੇ ਅਤੇ ਕੈਨੇਡਾ ਦੇ ਵਿਕਾਸ ਲਈ ਹੋਰ ਕਈ ਨਵੇਂ ਪ੍ਰੋਗਰਾਮ ਲੈ ਕੇ ਆਉਣਗੇ। ਇਸ ਦੌਰਾਨ ਉਨ੍ਹਾਂ ਫ਼ੈੱਡਰਲ ਸਰਕਾਰ ਦੇ ਪ੍ਰਵਿੰਸਾਂ ਤੇ ਟੈਰੀਟਰੀਆਂ ਦੀਆਂ ਸਰਕਾਰਾਂ ਅਤੇ ਵੱਖ-ਵੱਖ ਸ਼ਹਿਰਾਂ ਦੀਆਂ ਮਿਉਨਿਸਿਪਲਿਟੀਆਂ ਦੀਆਂ ਸਥਾਨਕ ਸਰਕਾਰਾਂ ਦੇ ਆਪਸੀ ਸਬੰਧਾਂ ਬਾਰੇ ਵੀ ਸੰਖੇਪ ਵਿਚ ਜ਼ਿਕਰ ਕੀਤਾ।

ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਜਿੱਥੇ ਕੈਨੇਡਾ ਦੀ ਜੀ.ਡੀ.ਪੀ. ਵਿਚ ਵਾਧਾ ਕਰਨ, ਇਕ ਮਿਲੀਅਨ ਤੋਂ ਵਧੇਰੇ ਨਵੀਆਂ ਨੌਕਰੀਆਂ ਪੈਦਾ ਕਰਨ, ਕੈਨੇਡਾ ਚਾਈਲਡ ਬੈਨੀਫ਼ਿਟ ਪ੍ਰੋਗਰਾਮ, ਮੱਧ-ਵਰਗ ਉੱਪਰ ਟੈਕਸ ਘਟਾਉਣ, ਦਵਾਈਆਂ ਦੀਆਂ ਕੀਮਤਾਂ ਘਟਾਉਣ ਲਈ ਨੈਸ਼ਨਲ ਫ਼ਾਰਮਾਕੇਅਰ ਪਾਲਿਸੀ ਬਨਾਉਣ, ਆਦਿ ਬਾਰੇ ਦੱਸਿਆ, ਉੱਥੇ ਬਰੈਂਪਟਨ ਸ਼ਹਿਰ ਨਾਲ ਸਬੰਧਿਤ ਮੁੱਦਿਆਂ ਵਿਚ ਇੱਥੇ 7,000 ਤੋਂ ਵਧੇਰੇ ਨਵੀਆਂ ਨੌਕਰੀਆਂ ਪੈਦਾ ਕਰਨ, ਇਨਫ਼ਰਾ-ਸਟਰੱਕਚਰ ਵਿਚ ਵਾਧਾ ਕਰਨ, ਵਾਤਾਵਰਣ ਦੀ ਸ਼ੁੱਧਤਾ ਕਾਇਮ ਰੱਖਣ ਲਈ ਇੱਥੇ 22 ਨਵੀਆਂ ਇਲੈੱਕਟ੍ਰਿਕ ਬੱਸਾਂ ਦੀ ਖ਼ਰੀਦ, ਰਾਇਰ-ਸਨ ਯੂਨੀਵਰਸਿਟੀ ਦਾ ਸਾਈਬਰ ਕਰਾਈਮ ਨਾਲ ਸਬੰਧਿਤ ਵਿਭਾਗ ਖੋਲ੍ਹਣ, ਬਰੈਂਪਟਨ ਵਿਚ ਯੂਨੀਵਰਸਿਟੀ ਬਨਾਉਣ ਲਈ ਫ਼ੈੱਡਰਨ ਸਰਕਾਰ ਵੱਲੋਂ ਫੰਡਾਂ ਦਾ ਪ੍ਰਬੰਧ ਕਰਨ ਅਤੇ ਬਰੈਂਪਟਨ-ਵਾਸੀਆਂ ਦੀਆਂ ਸਿਹਤ ਸਬੰਧੀ ਜ਼ਰੂਰਤਾਂ ਪੂਰੀਆਂ ਕਰਨ ਲਈ ਇੱਥੇ ਇਕ ਹੋਰ ਹਸਪਤਾਲ ਬਨਾਉਣ ਬਾਰੇ ਵੀ ਮੈਂਬਰਾਂ ਨਾਲ ਵਿਚਾਰ ਸਾਂਝੇ ਕੀਤੇ। ਇਸ ਦੌਰਾਨ ਉਨ੍ਹਾਂ ਨੂੰ ਮੈਂਬਰਾਂ ਦੇ ਆਮ ਸੁਆਲਾਂ ਦੇ ਨਾਲ਼-ਨਾਲ਼ ਕਈ ਤਿੱਖੇ ਸੁਆਲਾਂ ਦਾ ਵੀ ਸਾਹਮਣਾ ਕਰਨਾ ਪਿਆ ਜਿਨ੍ਹਾਂ ਦੇ ਜੁਆਬ ਉਨ੍ਹਾਂ ਵੱਲੋਂ ਬੜੇ ਠਰ੍ਹੰਮੇਂ ਨਾਲ ਤਸੱਲੀ-ਪੂਰਵਕ ਦਿੱਤੇ ਗਏ। ਮੈਂਬਰਾਂ ਵੱਲੋਂ ਉਨ੍ਹਾਂ ਨੂੰ ਆਪਣੇ ਭਰਪੂਰ ਸਮੱਰਥਨ ਬਾਰੇ ਯਕੀਨ ਦਿਵਾਇਆ ਗਿਆ। ਸੰਵਾਦ ਦਾ ਸੰਚਾਲਨ ਡਾ. ਸੁਖਦੇਵ ਸਿੰਘ ਝੰਡ ਵੱਲੋਂ ਕੀਤਾ ਗਿਆ।

# ਸਾਲਾਨਾ ਗਾਲਾ ਨਾਈਟ ਇੱਕ ਦਸੰਬਰ ਨੂੰ



ਪੱਬਪਾ ਦੇ ਮੈਂਬਰਾਂ ਦੀ ਅੱਜ ਮੀਟਿੰਗ ਰਾਇਲ ਬੈਂਕਟ ਹਾਲ ਮਿਸੀਸਾਗਾ 'ਚ ਹੋਈ। ਪੰਜਾਬੀ ਬਿਜ਼ਨੈੱਸ ਪ੍ਰੋਫੈਸ਼ਨਲ ਐਸੋਸੀਏਸ਼ਨ ਵੱਲੋਂ ਇੱਕ ਦਸੰਬਰ 2019, ਦਿਨ ਐਤਵਾਰ ਨੂੰ ਰਾਇਲ ਬੈਂਕਟ ਹਾਲ ਵਿੱਚ ਸਾਲਾਨਾ ਗਾਲਾ ਨਾਈਟ ਹੋ ਰਹੀ ਹੈ। ਪੰਜ ਪੰਜਾਬੀ ਪ੍ਰਭਾਵਸ਼ਾਲੀ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਮਿਸ ਪੰਜਾਬਣ ਅਤੇ ਮਿਸਟਰ ਪੰਜਾਬੀ ਦੇ ਮੁਕਾਬਲੇ ਵੀ ਹੋਣਗੇ। ਕਲਚਰ ਪ੍ਰੋਗਰਾਮ ਵੀ ਹੋਵੇਗਾ। ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਨੀਲੂ ਕਥੂਰੀਆ ਈਵੈਂਟ ਇੰਚਾਰਜ ਨਾਲ 647 713 3133 ਜਾਂ ਸੰਤੋਖ ਸਿੰਘ ਸੰਧੂ ਨਾਲ 416 587 7000 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਮੁਕਾਬਲੇ ਵਿੱਚ ਹਿੱਸਾ ਲੈਣ ਲਈ : email : misspunjaban2019@gmail.com 'ਤੇ ਆਪਣਾ ਨਾਮ ਦਰਜ ਕਰਵਾ ਸਕਦੇ ਹੋ। ਮੀਟਿੰਗ ਵਿੱਚ ਅਜੈਬ ਸਿੰਘ ਚੱਠਾ, ਸੰਤੋਖ ਸਿੰਘ ਸੰਧੂ, ਰਵਿੰਦਰ ਸਿੰਘ ਕੰਗ, ਸਰਦੂਲ ਸਿੰਘ ਥਿਆੜਾ, ਰੋਸ਼ਨ ਪਾਠਕ, ਦਲਬੀਰ ਸਿੰਘ ਕਥੂਰੀਆ, ਕਮਲਜੀਤ ਸਿੰਘ ਹੇਅਰ, ਗੁਰਿੰਦਰ ਸਿੰਘ ਸਹੋਤਾ, ਗੁਰਮੀਤ ਸਿੰਘ, ਜਸਵਿੰ-ਦਰ ਸਿੰਘ ਢੀਂਡਸਾ, ਹੀਰਾ ਧਾਲੀਵਾਲ, ਰਾਜਬੀਰ ਦੁਸਾਂਝ, ਜਸਪ੍ਰੀਤ ਕੌਰ, ਸਹੀਨਾਂ ਕੇਸ਼ਵਰ, ਬਲਵਿੰਦਰ ਚੱਠਾ, ਰੁਪਿੰਦਰ ਕੌਰ ਸੰਧੂ, ਸੁਖਵੰਤ ਕੌਰ ਕੰਗ, ਅਰੋੜਾ ਸਾਹਿਬ, ਢਿੱਲੋਂ ਸਾਹਿਬ, ਬੱਬਲੀ ਢੀਂਡਸਾ ਆਦਿ ਹਾਜ਼ਰ ਸਨ।

# ਮਹਿਲਾਵਾਂ ਦੀ ਬਿਹਤਰ ਸਿਹਤ ਲਈ ਸ਼ਾਪਰਜ਼ ਡਰੱਗ ਮਾਰਟ ਉੱਤੇ ਫੰਡਰੇਜ਼ਿੰਗ ਕੈਂਪੇਨ ਸ਼ੁਰੂ



ਬਰੈਂਪਟਨ, 15 ਅਕਤੂਬਰ (ਪੋਸਟ ਬਿਊਰੋ) : ਬਰੈਂਪਟਨ ਸਿਵਿਕ ਹਸਪਤਾਲ ਦੀ ਲੇਬਰ ਤੇ ਡਲਿਵਰੀ ਯੂਨਿਟ ਤੇ ਔਰਤਾਂ ਦੀ ਹਾਰਟ ਹੈਲਥ ਨੂੰ ਸਹਿਯੋਗ ਦੇਣ ਲਈ ਬਰੈਂਪਟਨ ਏਰੀਆ ਦੇ ਸ਼ਾਪਰਜ਼ ਡਰੱਗ ਮਾਰਟ ਸਟੋਰਜ਼ ਵਿੱਚ ਗ੍ਰੋਇੰਗ ਵਿਮਨਜ਼ ਹੈਲਥ ਕੈਂਪੇਨ ਦੀ ਸ਼ੁਰੂਆਤ ਕੀਤੀ ਗਈ ਹੈ। ਇਹ ਇੱਕ ਫੰਡਰੇਜ਼ਿੰਗ ਕੈਂਪੇਨ ਹੈ।

ਅਕਤੂਬਰ ਵਿੱਚ ਸ਼ੁਰੂ ਹੋਈ ਇਹ ਕੈਂਪੇਨ ਪਹਿਲੀ ਨਵੰਬਰ ਤੱਕ ਚੱਲੇਗੀ। ਇਸ ਲਈ ਸਥਾਨਕ ਵਾਸੀ ਲੋਕਲ ਸ਼ਾਪਰਜ਼ ਡਰੱਗ ਮਾਰਟ ਦੀਆਂ ਲੋਕੇਸ਼ਨਜ਼ ਉੱਤੇ ਜਾ ਕੇ ਇਸ ਕੈਂਪੇਨ ਵਿੱਚ ਡੋਨੇਸ਼ਨ ਦੇ ਸਕਣਗੇ। ਇਹ ਡੋਨੇਸ਼ਨ ਸਿੱਧੇ ਤੌਰ ਉੱਤੇ ਬਰੈਂਪਟਨ ਸਿਵਿਕ ਵਿਖੇ ਔਰਤਾਂ ਦੀ ਸਿਹਤ ਲਈ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਵਾਸਤੇ ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਨੂੰ ਜਾਵੇਗੀ।

ਓਸਲਰ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ ਵਿਲੀਅਮ ਓਸਲਰ ਹੈਲਥ ਸਿਸਟਮ ਵਿੱਚ ਅਸੀਂ ਡੋਨੇਸ਼ਨਾਂ ਉੱਤੇ ਹੀ ਨਿਰਭਰ ਹਾਂ। ਸਾਡੀਆਂ ਕਮਿਊਨਿਟੀਜ਼ ਦੇ ਸਹਾਰੇ ਹੀ ਅਸੀਂ ਆਪਣੇ ਹਸਪਤਾਲਾਂ ਨੂੰ ਸਮੇਂ ਦੇ ਹਾਣ ਦਾ ਬਣਾਉਣ ਦਾ ਸੁਪਨਾ ਵੇਖ ਸਕਦੇ ਹਾਂ। ਕਮਿਊਨਿਟੀਜ਼ ਹੀ ਮਹਿਲਾਵਾਂ ਦੀ ਬਿਹਤਰ ਸਿਹਤ ਲਈ ਪੂਰੀ ਤਰ੍ਹਾਂ ਸਹਿਯੋਗ ਦੇ ਸਕਦੀਆਂ ਹਨ। ਉਨ੍ਹਾਂ ਆਖਿਆ ਕਿ ਸ਼ਾਪਰਜ਼ ਡਰੱਗ ਮਾਰਟ ਵਿੱਚ ਗ੍ਰੋਇੰਗ ਵਿਮਨਜ਼ ਹੈਲਥ ਕੈਂਪੇਨ ਰਾਹੀਂ ਨਿੱਕੀ ਵੱਡੀ ਡੋਨੇਸ਼ਨ ਦੇ ਕੇ ਬਰੈਂਪਟਨ ਦੀ ਕਮਿਊਨਿਟੀ ਮਹਿਲਾਵਾਂ ਦੀ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਆਪਣਾ ਯੋਗਦਾਨ ਪਾ ਸਕਦੀ ਹੈ। ਉਨ੍ਹਾਂ ਆਖਿਆ ਕਿ ਹਰ ਸਾਲ ਦੇ ਅੰਤ ਵਿੱਚ ਇਹ ਕੈਂਪੇਨ ਕਸਟਮਰਜ਼ ਨੂੰ ਇਹ ਮੌਕਾ ਦਿੰਦੀ ਹੈ ਕਿ ਗ੍ਰੋਇੰਗ ਵਿਮਨਜ਼ ਹੈਲਥ ਆਈਕਨ ਖਰੀਦ ਕੇ ਇਸ ਕੈਂਪੇਨ ਵਿੱਚ ਸਹਿਯੋਗ ਪਾ ਸਕਣ।

# ਸ਼੍ਰੀਨਗਰ ਵਿੱਚ ਪ੍ਰਦਰਸ਼ਨ ਕਰਦੀਆਂ ਫਾਰੂਕ ਅਬਦੁੱਲਾ ਦੀ ਭੈਣ ਤੇ ਬੇਟੀ ਗ੍ਰਿਫਤਾਰ




ਨਵੀਂ ਦਿੱਲੀ, 15 ਅਕਤੂਬਰ, (ਪੋਸਟ ਬਿਊਰੋ)-ਜੰਮੂ-ਕਸ਼ਮੀਰ ਪੁਲਿਸ ਨੇ ਮੰਗਲਵਾਰ ਨੂੰ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਦੀ ਬੇਟੀ ਅਤੇ ਭੈਣ ਸਮੇਤ ਛੇ ਔਰਤਾਂ ਨੂੰ ਹਿਰਾਸਤ ਵਿਚ ਲਿਆ ਹੈ।

ਇਸ ਰਾਜ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਮੁਤਾਬਕ ਇਹ ਔਰਤਾਂ ਜੰਮੂ-ਕਸ਼ਮੀਰ ਤੋਂ ਧਾਰਾ 370 ਦੇ ਖ਼ਾਸ ਦਰਜ਼ੇ ਨੂੰ ਖ਼ਤਮ ਕੀਤੇ ਜਾਣ ਤੇ ਇਸ ਰਾਜ ਨੂੰ ਦੋ ਕੇਂਦਰੀ ਸ਼ਸਿਤ ਪ੍ਰਦੇਸ਼ਾਂ ਵਿਚ ਵੰਡਣ ਦੇ ਵਿਰੁੱਧ ਪ੍ਰਦਰਸ਼ਨ ਕਰ ਰਹੀਆਂ ਸਨ। ਪ੍ਰਦਰਸ਼ਨ ਕਰਦੀਆਂ ਔਰਤਾਂ ਦੇ ਇਕਗਰੁੱਪ ਦੀ ਅਗਵਾਈ ਕਰ ਰਹੀਆਂ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਦੀ ਭੈਣ ਸੁਰਈਆ ਤੇ ਉਨ੍ਹਾਂ ਦੀ ਬੇਟੀ ਸਾਫੀਆ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ।ਬਾਂਹ ਉੱਤੇ ਕਾਲੀ ਪੱਟੀ ਅਤੇ ਬੈਨਰ ਚੁੱਕ ਕੇ ਪ੍ਰਦਰਸ਼ਨ ਕਰਦੀਆਂ ਇਨ੍ਹਾਂ ਔਰਤਾਂ ਨੂੰ ਪੁਲਿਸ ਨੇ ਪ੍ਰਦਰਸ਼ਨ ਤੋਂ ਰੋਕਿਆ ਅਤੇ ਵਾਪਸ ਜਾਣ ਲਈ ਕਿਹਾ। ਅੱਗੋਂ ਇਨ੍ਹਾਂ ਔਰਤਾਂ ਨੇ ਵਾਪਸਜਾਣ ਤੋਂਨਾਂਹ ਕੀਤੀ ਅਤੇ ਪ੍ਰਦਰਸ਼ਨ ਜਾਰੀ ਰੱਖਦੇ ਹੋਏ ਧਰਨੇ ਉਤੇ ਬੈਠ ਗਈਆਂ। ਇਸ ਪਿੱਛੋਂ ਮਹਿਲਾ ਸੀਆਰਪੀਐੱਫ਼ ਨੇ ਪ੍ਰਦਰਸ਼ਨ ਕਰਦੀਆਂ ਔਰਤਾਂ ਨੂੰ ਪੁਲਿਸ ਗੱਡੀਆਂ ਵਿਚ ਬੈਠਾਇਆ ਅਤੇ ਲੈ ਗਈਆਂ।

ਗ੍ਰਿਫਤਾਰੀ ਦੇ ਵਕਤ ਇਨ੍ਹਾਂ ਦੋਵਾਂ ਅਬਦੁੱਲਾ ਪਰਵਾਰ ਦੀਆਂ ਔਰਤਾਂ ਨੇ ਕਿਹਾ ਕਿ ਅਸੀਂ ਕਸ਼ਮੀਰ ਦੀਆਂ ਔਰਤਾਂ ਨੇ ਭਾਰਤ ਸਰਕਾਰ ਵੱਲੋਂ ਧਾਰਾ 370 ਅਤੇ 35ਏ ਨੂੰ ਹਟਾਉਣ ਤੇ ਇਸ ਰਾਜ ਨੂੰ ਦੋ ਕੇਂਦਰ ਸਾਸ਼ਿਤ ਪ੍ਰਦੇਸ਼ਾਂ ਵਿਚ ਵੰਡਣ ਦੇ ਇਕਤਰਫ਼ਾ ਫ਼ੈਸਲੇ ਨੂੰ ਰੱਦ ਕਰ ਦਿੱਤਾ ਹੈ। ਨਾਗਰਿਕ ਆਜ਼ਾਦੀ ਅਤੇ ਮੁੱਢਲੇ ਅਧਿਕਾਰਾਂ ਦੀ ਬਹਾਲੀ ਦੀ ਮੰਗ ਕਰਦੇ ਹੋਏ ਇਨ੍ਹਾਂ ਦੋਵਾਂ ਨੇ ਕਿਹਾ ਕਿ ਉਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਧੋਖਾ ਤੇ ਅਪਮਾਨ ਮਿਲਿਆ ਹੈ। ਉਨ੍ਹਾਂ ਨੇ ਹਿਰਾਸਤ ਵਿਚ ਲਏ ਗਏ ਸਾਰੇ ਲੋਕਾਂ ਨੂੰ ਰਿਹਾਅ ਕਰਨ ਅਤੇ ਸਾਰੇ ਰਾਜ ਦੇ ਵਿਕਾਸ ਦੇ ਮੰਗ ਕੀਤੀ ਅਤੇ ਕਿਹਾ ਕਿ ਅਸੀਂ ਕਸ਼ਮੀਰ ਬਾਰੇ ਝੂਠੇ ਅਤੇ ਗੁੰਮਰਾਹ ਕਰਨ ਵਾਲੇ ਪ੍ਰਚਾਰ ਲਈ ਨੈਸ਼ਨਲ ਮੀਡੀਆ ਦੇ ਖਿਲਾਫ਼ ਵੀ ਗੁੱਸਾ ਪ੍ਰਗਟ ਕਰਦੇ ਹਾਂ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

Paramjit Deol CELL: 416-993-7378

Broker 7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.

Tel:905-405-8484

www.paramjitdeol.com

Email: pdeol3@yahoo.ca

Your neighborhood broker, Call Paramjit Deol Today

**MISSISSAUGA $975** — Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000** — Photo Not Available — 27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000** — 23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000** — 1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

**CHATHAM-KENT $65,000** — Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000** — Photo Not Available — 1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000** — Photo Not Available — 77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000** — 17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

**MISSISSAUGA $169,900** — 7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

**BRAMPTON $199,000** — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

**BRAMPTON $259,000** — Photo Not Available — 470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000** — 23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000** — 5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000** — 693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000** — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000** — 32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# 'ਸਕੋਸ਼ੀਆਬੈਂਕ ਵਾਟਰਫਰੰਟ ਮੈਰਾਥਨ' ਲਈ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ 'ਚ ਭਾਰੀ ਉਤਸ਼ਾਹ

## 20 ਅਕਤੂਬਰ ਨੂੰ ਟੋਰਾਂਟੋ ਡਾਊਨ ਟਾਊਨ ਹੋ ਰਹੀ ਹੈ ਮੈਰਾਥਨ



ਬਰੈਂਪਟਨ, (ਡਾ. ਝੰਡ) - ਹਰ ਸਾਲ ਅਕਤੂਬਰ ਮਹੀਨੇ ਦੇ ਤੀਸਰੇ ਐਤਵਾਰ ਟੋਰਾਂਟੋ ਡਾਊਨ ਟਾਊਨ ਵਿਚ ਹੋਣ ਵਾਲੀ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਨਾ ਕੇਵਲ ਟੋਰਾਂਟੋ ਅਤੇ ਇਸ ਦੇ ਨੇੜਲੇ ਸ਼ਹਿਰਾਂ ਮਿਸੀਸਾਗਾ, ਬਰੈਂਪਟਨ, ਬਰਲਿੰਗਟਨ, ਮਿਲਟਨ ,ਆਦਿ ਦੇ ਦੌੜਾਕਾਂ ਲਈ ਵੱਡੀ ਖਿੱਚ ਦਾ ਕਾਰਨ ਬਣਦੀ ਹੈ, ਸਗੋਂ ਇਸ ਵਿਚ ਹੋਰ ਵੀ ਦੂਰ-ਦੂਰ ਤੋਂ ਦੌੜਾਕ ਬੜੇ ਸ਼ੌਕ ਨਾਲ ਭਾਗ ਲੈਂਦੇ ਹਨ। ਇਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ 42 ਕਿਲੋ ਮੀਟਰ ਅਤੇ 21 ਕਿਲੋਮੀਟਰ ਹਾਫ਼-ਮੈਰਾਥਨ ਲਾਉਣ ਵਾਲੇ ਲੰਮੀ ਦੌੜ ਦੇ ਦੌੜਾਕਾਂ ਤੋਂ ਇਲਾਵਾ ਕਈ ਹੋਰ ਹਜ਼ਾਰਾਂ ਦੌੜਾਕ ਪੰਜ ਕਿਲੋਮੀਟਰ ਦੌੜ ਵੀ ਲਗਾਉਂਦੇ ਹਨ। ਇਸ ਮਹਾਨ ਈਵੈਂਟ ਦੇ ਪ੍ਰਬੰਧਕਾਂ ਅਨੁਸਾਰ ਪਿਛਲੇ ਸਾਲ 2018 ਵਿਚ ਇਸ ਮੈਰਾਥਨ ਦੌੜ ਵਿਚ 33,000 ਤੋਂ ਵਧੇਰੇ ਲੋਕਾਂ ਨੇ ਭਾਗ ਲਿਆ ਸੀ। ਇਸ ਵਿਚ ਹਿੱਸਾ ਲੈਣ ਲਈ 125 ਡਾਲਰ ਪ੍ਰਤੀ ਵਿਅੱਕਤੀ ਦੇ ਹਿਸਾਬ ਨਾਲ ਰਜਿਸਟ੍ਰੇਸ਼ਨ ਫ਼ੀਸ ਅਤੇ ਹੋਰ ਬਹੁਤ ਸਾਰੇ ਦਾਨੀਆਂ ਤੋਂ ਇਕੱਤਰ ਹੋਈ ਰਕਮ ਵੱਖ-ਵੱਖ ਚੈਰਿਟੀਆਂ ਲਈ ਉਨ੍ਹਾਂ ਦੇ ਪ੍ਰਬੰਧਕਾਂ ਨੂੰ ਭੇਜੀ ਜਾਂਦੀ ਹੈ।

ਬਜ਼ੁਰਗ ਮੈਰਾਥਨ ਦੌੜਾਕ ਸ. ਫ਼ੌਜਾ ਸਿੰਘ ਜੋ ਹੁਣ ਸਮੇਂ 108 ਸਾਲ ਦੇ ਹੋ ਗਏ ਹਨ, ਨੇ ਅੱਠ ਸਾਲ ਪਹਿਲਾਂ 2011 ਵਿਚ ਇਸ ਦੌੜ ਵਿਚ 42 ਕਿਲੋਮੀਟਰ ਫੁੱਲ-ਮੈਰਾਥਨ ਵਿਚ ਭਾਗ ਲਿਆ ਸੀ ਅਤੇ ਉਹ ਆਪਣੇ ਉਮਰ-ਵਰਗ ਵਿਚ ਚੈਂਪੀਅਨ ਕਰਾਰ ਦਿੱਤੇ ਗਏ ਸਨ, ਕਿਉਂਕਿ ਉਸ ਵਿਚ ਏਨੀ ਉਮਰ ਦਾ ਹੋਰ ਕੋਈ ਵੀ ਦੌੜਾਕ ਨਹੀਂ ਸੀ। ਉਨ੍ਹਾਂ ਤੋਂ ਉਤਸ਼ਾਹਿਤ ਹੋ ਕੇ ਉਨ੍ਹਾਂ ਦੀ ਪ੍ਰੇਰਨਾ ਨਾਲ 2013 ਵਿਚ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ 'ਇੰਸਪੀਰੇਸ਼ਨਲ ਸਟੈੱਪਸ' ਦੀ ਸ਼ੁਰੂਆਤ ਕੀਤੀ ਗਈ ਜਿਸ ਵਿਚ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ. ਕਲੱਬ) ਦੇ ਚਾਰ-ਪੰਜ ਮੁੱਢਲੇ ਮੈਂਬਰਾਂ ਨੇ ਭਾਗ ਲਿਆ, ਬੇਸ਼ਕ ਉਸ ਸਮੇਂ ਉਦੋਂ ਇਸ ਕਲੱਬ ਦਾ ਅਜੇ ਨਾਮਕਰਣ ਨਹੀਂ ਹੋਇਆ ਸੀ ਅਤੇ ਇਹ ਉਸ ਤੋਂ ਅਗਲੇ ਸਾਲ 2014 ਵਿਚ ਹੀ ਸੰਭਵ ਹੋ ਸਕਿਆ ਸੀ। ਹੁਣ ਇਸ ਸਮੇਂ ਕਲੱਬ ਦੇ ਮੈਂਬਰਾਂ ਦੀ ਗਿਣਤੀ 255 ਹੈ।

ਇੱਥੇ ਜ਼ਿਕਰਯੋਗ ਹੈ ਕਿ ਪਿਛਲੇ ਸਾਲ 2018 ਵਿਚ ਇਸ ਮਿਆਰੀ ਮੈਰਾਥਨ ਦੌੜ ਵਿਚ ਪਿਛਲੇ ਪੰਜ-ਛੇ ਸਾਲਾਂ ਤੋਂ ਸਰਗ਼ਰਮ ਟੀ.ਪੀ.ਏ.ਆਰ. ਕਲੱਬ ਦੇ 60 ਮੈਂਬਰਾਂ ਨੇ ਭਾਗ ਲਿਆ ਸੀ। ਇਸ ਦੇ 50 ਮੈਂਬਰ ਵੱਡੀ ਸਕੂਲ ਬੱਸ ਵਿਚ ਸਵਾਰ ਹੋ ਕੇ ਗਰੁੱਪ ਦੀ ਸ਼ਕਲ ਵਿਚ ਟੋਰਾਂਟੋ ਡਾਊਨ ਟਾਊਨ ਪਹੁੰਚੇ ਸਨ ਅਤੇ ਬਾਕੀ ਆਪਣੀਆਂ ਕਾਰਾਂ ਵਿਚ ਜਾ ਕੇ ਇਸ ਗਰੁੱਪ ਵਿਚ ਸ਼ਾਮਲ ਹੋਏ। ਅਸਮਾਨੀ ਟੀ-ਸ਼ਰਟਾਂ ਅਤੇ ਕੇਸਰੀ ਰੰਗ ਦੀਆਂ ਦਸਤਾਰਾਂ ਵਿਚ ਇਸ ਗਰੁੱਪ ਦੇ ਮੈਂਬਰ ਹਜ਼ਾਰਾਂ ਆਪਣੀ ਵੱਖਰੀ ਦੀ ਦਿੱਖ ਪੇਸ਼ ਕਰ ਰਹੇ ਸਨ ਜਿਨਾਂ ਨੂੰ ਵੇਖ ਕੇ ਕਈਆਂ ਨੇ ਇਸ ਗਰੁੱਪ ਦੇ ਨਾਲ ਖਲੋ-ਖਲੋ ਕੇ ਫ਼ੋਟੋਆਂ ਖਿਚਵਾਈਆਂ ਸਨ।

ਇਸ ਵਾਰ ਕਲੱਬ ਦੇ 65 ਮੈਂਬਰਾਂ ਨੇ ਇਸ ਦੌੜ ਦੇ ਈਵੈਂਟ ਹਾਫ਼-ਮੈਰਾਥਨ ਵਿਚ ਹਿੱਸਾ ਲਈ ਆਪਣੀ ਰਜਿਸਟ੍ਰੈਸ਼ਨ ਬਰੈਂਪਟਨ ਸਿਵਿਕ ਹਸਪਤਾਲ ਦੇ ਰਾਹੀਂ ਕਰਵਾਈ ਹੈ ਅਤੇ ਉਨ੍ਹਾਂ ਵਿਚ ਇਸ ਦੌੜ ਲਈ ਕਾਫ਼ੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਉਹ ਪਿਛਲੇ ਦੋ ਮਹੀਨਿਆਂ ਤੋਂ ਇਸ ਦੇ ਲਈ ਤਿਆਰੀਆਂ ਵਿਚ ਜੁੱਟੇ ਹੋਏ ਹਨ ਅਤੇ ਹਫ਼ਤੇ ਵਿਚ ਦੋ-ਤਿੰਨ ਦਿਨ ਬਰੈਂਪਟਨ ਦੀ ਕਿਸੇ ਨਾ ਕਿਸੇ ਟਰੇਲ 'ਤੇ 20-25 ਕਿਲੋਮੀਟਰ ਦੀ ਦੌੜ ਲਗਾਉਂਦੇ ਹਨ। ਸਾਰੇ ਹੀ ਮੈਂਬਰ ਆਪਣਾ ਪਿਛਲਾ ਟਾਈਮ ਘੱਟ ਕਰਨ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਪਿਛਲੇ ਸਾਲ ਵਾਂਗ ਕਲੱਬ ਮੈਂਬਰਾਂ ਨੂੰ ਟੀ-ਸ਼ਰਟਾਂ ਅਤੇ ਉਨ੍ਹਾਂ ਦੇ ਟੋਰਾਂਟੋ ਡਾਊਨ ਟਾਊਨ ਜਾਣ-ਆਉਣ ਲਈ ਬੱਸ ਦੀ ਸੇਵਾਵਾਂ ਏਅਰਫ਼ਲਾਈਟ ਸਰਵਿਸਿਜ਼' ਵੱਲੋਂ ਇਸ ਕਲੱਬ ਨੂੰ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ 'ਕੈਨੇਡੀਅਨ ਪੰਜਾਬੀ ਪੋਸਟ' ਦੇ ਮੁੱਖ-ਸੰਪਾਦਕ ਜਗਦੀਸ਼ ਗਰੇਵਾਲ ਅਤੇ 'ਲੀਜੈਂਡ ਟਾਇਰਜ਼ ਕੈਨੇਡਾ' ਦੇ ਮਾਲਕ ਰੌਜਰ ਸ਼ਰਮਾ ਵੱਲੋਂ 500-500 ਡਾਲਰ ਕਲੱਬ ਦੇ ਸਰਗ਼ਰਮ ਮੈਂਬਰ ਮੈਰਾਥਨ ਦੌੜਾਕ ਧਿਆਨ ਸਿੰਘ ਜਿਨ੍ਹਾਂ ਨੇ ਬੋਸਟਨ ਮੈਰਾਥਨ 2020 ਲਈ ਕੁਆਲੀਫ਼ਾਈ ਕੀਤਾ ਹੈ ਅਤੇ ਉਹ ਇਸ 42 ਕਿਲੋਮੀਟਰ ਦੌੜ ਵਿਚ ਭਾਗ ਲੈਣ ਲਈ 17 ਅਪ੍ਰੈਲ ਨੂੰ ਬੋਸਟਨ ਜਾ ਰਹੇ ਹਨ, ਦੀ ਹੌਸਲਾ-ਅਫ਼ਜ਼ਾਈ ਲਈ ਦਿੱਤੇ ਹਨ। ਕਲੱਬ ਦੇ ਸਮੂਹ ਮੈਂਬਰ ਸਾਰਿਆਂ ਦੇ ਤਹਿ-ਦਿਲੋਂ ਧੰਨਵਾਦੀ ਹਨ।

ਇਸ ਦੌਰਾਨ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨੇ ਇਸ ਪੱਤਰਕਾਰ ਨੂੰ ਦੱਸਿਆ ਕਿ ਕਲੱਬ ਦੇ ਮੈਂਬਰਾਂ ਨੂੰ ਲੈ ਕੇ ਬੱਸ ਏਅਰਪੋਰਟ ਰੋਡ ਅਤੇ ਬੋਵੇਅਰਡ ਦੇ ਇੰਟਰਸੈੱਕਸ਼ਨ ਨੇੜਲੀ ਪਾਰਕਿੰਗ ਵਿਚ ਟਿਮ ਹੌਰਟਿਨ ਦੇ ਸਾਹਮਣਿਉਂ ਸਵੇਰੇ ਠੀਕ 7.00 ਵਜੇ ਰਵਾਨਾ ਹੋਵੇਗੀ ਅਤੇ ਕਈ ਮੈਂਬਰ ਡਾਊਨ ਟਾਊਨ ਟੋਰਾਂਟੋ ਆਪੋ ਆਪਣੇ ਸਾਧਨਾਂ ਰਾਹੀਂ ਸਿੱਧੇ ਵੀ ਪਹੁੰਚ ਰਹੇ ਹਨ। ਉਨ੍ਹਾਂ ਬੱਸ ਵਿਚ ਜਾਣ ਵਾਲੇ ਮੈਂਬਰਾਂ ਨੂੰ ਸਮੇਂ-ਸਿਰ ਟਿਮ ਹੌਰਟਿਨ ਦੇ ਸਾਹਮਣੇ ਪਾਰਕਿੰਗ ਵਿਚ ਪਹੁੰਚਣ ਦੀ ਤਾਕੀਦ ਕਰਦਿਆਂ ਕਿਹਾ ਕਿ ਲੇਟ ਹੋਣ ਵਾਲੇ ਮੈਂਬਰਾਂ ਦੀ ਉਡੀਕ ਨਹੀਂ ਕੀਤੀ ਜਾਏਗੀ। ਉਨ੍ਹਾਂ ਦੱਸਿਆ ਕਿ ਦੌੜ ਤੋਂ ਬਾਅਦ ਵਾਪਸੀ 'ਤੇ ਲੰਚ ਮਨਜੀਤ ਸਿੰਘ ਦੇ ਘਰ 141 ਕਿੰਗਜ਼ਵਿਊ ਬੁਲੇਵਾਰਡ, ਨੌਰਥ ਵੈੱਸਟ ਆਫ਼ ਕਿਪਲਿੰਗ ਐਂਡ ਡਿਕਸਨ ਰੋਡ ਵਿਖੇ ਕੀਤਾ ਜਾਏਗਾ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਸੰਧੂਰਾ ਸਿੰਘ ਬਰਾੜ (416-275-9337), ਜਸਵੀਰ ਪਾਸੀ (416-843-5330) ਜਾਂ ਡਾ. ਜੈਪਾਲ ਸਿੱਧੂ (416-837-1562) ਨੂੰ ਸੰਪਰਕ ਕੀਤਾ ਜਾ ਸਕਦਾ ਹੈ।

# 'ਗੀਤ ਗ਼ਜ਼ਲ ਤੇ ਸ਼ਾਇਰੀ' ਦੀ ਮਹੀਨਾਵਾਰ ਇਕੱਤਰਤਾ 'ਚ ਤਲਵਿੰਦਰ ਮੰਡ ਨਾਲ ਰੂ-ਬ-ਰੂ

## ਪਾਕਿਸਤਾਨੀ ਸ਼ਾਇਰਾ ਤਬੱਸਮ ਸਿਦੀਕੀ ਦੀਆਂ ਗ਼ਜ਼ਲਾਂ ਨੇ ਰੰਗ ਬੰਨ੍ਹਿਆ





ਬਰੈਂਪਟਨ, (ਡਾ. ਝੰਡ) -ਬੀਤੇ ਐਤਵਾਰ 'ਗੀਤ ਗ਼ਜ਼ਲ ਤੇ ਸ਼ਾਇਰੀ' ਦੀ ਮਹੀਨਾਵਾਰ ਇਕੱਤਰਤਾ ਵਿਚ ਤਲਵਿੰਦਰ ਮੰਡ ਨਾਲ ਹੋਇਆ ਰੂ-ਬ-ਰੂ ਕਾਫ਼ੀ ਦਿਲਚਸਪ ਅਤੇ ਭਾਵਪੂਰਤ ਰਿਹਾ। ਮੰਚ-ਸੰਚਾਲਕ ਭੁਪਿੰਦਰ ਦੁਲੇ ਵੱਲੋਂ ਤਲਵਿੰਦਰ ਮੰਡ ਬਾਰੇ ਮੁੱਢਲੀ ਜਾਣਕਾਰੀ ਦੇਣ ਲਈ ਡਾ. ਸੁਖਦੇਵ ਸਿੰਘ ਝੰਡ ਨੂੰ ਕਿਹਾ ਗਿਆ ਜਿਨ੍ਹਾਂ ਨੇ ਤਲਵਿੰਦਰ ਮੰਡ ਦੇ ਬਾਰੇ ਸੰਖੇਪ ਵਿਚ ਦੱਸਿਆ ਕਿ ਮੰਡ ਦਾ ਪਿਛੋਕੜ ਫਗਵਾੜੇ ਦੇ ਨੇੜੇ ਪਿੰਡ ਮੇਹਟਾਂ ਨਾਲ ਜੁੜਿਆ ਹੋਇਆ ਹੈ ਜਿੱਥੇ ਉਨ੍ਹਾਂ ਨੇ ਆਪਣੇ ਬਾਪ ਨਾਲ ਵਾਹੀ-ਖੇਤੀ ਦੇ ਕੰਮ ਵਿਚ ਹੱਥ ਵਟਾਉਂਦਿਆਂ ਹੋਇਆਂ ਮੈਟ੍ਰਿਕ ਤੀਕ ਪੜ੍ਹਾਈ ਫਗਵਾੜੇ ਦੇ ਆਰੀਆ ਸਮਾਜ ਸਕੂਲ ਵਿਚ ਪ੍ਰਾਪਤ ਕੀਤੀ। ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਤੋਂ ਬੀ.ਏ. ਕਰਨ ਉਪਰੰਤ ਐੱਮ.ਏ. ਪੰਜਾਬੀ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਅਤੇ ਐੱਮ.ਫ਼ਿਲ. ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕੀਤੀ। ਕੁਝ ਸਮਾਂ ਗੁਰੂ ਨਾਨਕ ਕਾਲਜ ਨਰੂੜ ਪਾਂਛਟ ਵਿਚ ਪੰਜਾਬੀ ਦਾ ਵਿਸ਼ਾ ਪੜ੍ਹਾਇਆ ਅਤੇ ਹੁਣ ਇੱਥੇ ਕੈਨੇਡਾ ਕੇ ਮਿਹਨਤ ਮੁਸ਼ੱਕਤ ਕਰਕੇ ਆਪਣਾ ਪਰਿਵਾਰ ਚਲਾ ਰਹੇ ਹਨ ਅਤੇ ਨਾਲ਼ ਦੀ ਨਾਲ਼ ਸਾਹਿਤ ਰਚਨਾ ਵੀ ਕਰ ਰਹੇ ਹਨ।

ਤਲਵਿੰਦਰ ਮੰਡ ਨੇ ਆਪਣੇ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਸ਼ੁਰੂ ਵਿਚ ਕਈ ਅਸਫ਼ਲਤਾਵਾਂ ਦਾ ਸਾਹ-ਮਣਾ ਕਰਨਾ ਪਿਆ ਪਰ ਉਨ੍ਹਾਂ ਨੇ ਸਥਿਤੀਆਂ ਦਾ ਮੁਕਾਬਲਾ ਪੂਰੀ ਹਿੰਮਤ ਅਤੇ ਹੌਸਲੇ ਨਾਲ ਕੀਤਾ। ਉਨ੍ਹਾਂ ਕਿਹਾ ਕਿ ਹਰੇਕ ਇਨਸਾਨ ਵਿਚ ਕੁਝ ਨਾ ਕੁਝ ਕਰਨ ਦੀ ਸਮਰੱਥਾ ਹੁੰਦੀ ਹੈ ਅਤੇ ਲੋੜ ਇਸ ਨੂੰ ਯੋਗ ਸੇਧ ਦੇਣ ਦੀ ਹੁੰਦੀ ਹੈ। ਕਾਲਜ ਵਿਚ ਸਾਇੰਸ ਦੀ ਪੜ੍ਹਾਈ ਵਿੱਚੋਂ ਅਸਫ਼ਲ ਹੋ ਕੇ ਬੀ.ਏ. ਚੰਗੇ ਨੰਬਰਾਂ 'ਚ ਕੀਤੀ ਅਤੇ ਐੱਮ.ਏ. ਵਿੱਚੋਂ ਵੀ ਚੰਗੇ ਨੰਬਰ ਆਉਣ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਐੱਮ.ਫ਼ਿਲ. ਵਿਚ ਸੀਟ ਆਸਾਨੀ ਨਾਲ ਮਿਲ ਗਈ। ਕੁਝ ਸਾਲ ਨਰੂੜ ਪਾਂਛਟ ਦੇ ਕਾਲਜ ਵਿਚ ਪੜ੍ਹਾਇਆ ਅਤੇ ਕੁਝ ਲਿਖਿਆ ਪੜ੍ਹਿਆ ਵੀ, ਪਰ ਹਾਲਾਤ ਖਿੱਚ ਕੇ ਕੈਨੇਡਾ ਲੈ ਆਏ ਅਤੇ ਮਿਹਨਤ ਕਰਕੇ ਹੌਲੀ-ਹੌਲੀ ਇੱਥੇ ਆਪਣੇ ਪੈਰ ਜਮਾਏ। ਇੱਥੇ ਦੋਸਤਾਂ-ਮਿੱਤਰਾਂ ਦੀ ਸੰਗਤ ਵਿਚ ਸਾਹਿਤਕ-ਰੁਚੀਆਂ ਹੋਰ ਪ੍ਰਬਲ ਹੋਈਆਂ ਅਤੇ ਕਵਿਤਾਵਾਂ ਲਿਖਣ ਦਾ ਸ਼ੌਕ ਪਨਪਦਾ ਗਿਆ। ਪੰਜਾਬੀ ਬੋਲੀ ਤੇ ਪੰਜਾਬੀ ਭਾਸ਼ਾ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਮਾਂ-ਬੋਲੀ ਦਾ ਪਹਿਲਾ ਸਬਕ ਬੱਚਾ ਆਪਣੀ ਮਾਂ ਦੀਆਂ ਜਨਮ-ਪੀੜਾਂ ਤੋਂ ਲੈਂਦਾ ਹੈ ਅਤੇ ਦੂਸਰਾ ਉਸ ਦੀਆਂ ਲੋਰੀਆਂ ਤੋਂ ਲੈਂਦਾ ਹੈ। ਭਾਸ਼ਾ ਦੀ ਗੱਲ ਤਾਂ ਬਾਅਦ ਵਿਚ ਆਉਂਦਾ ਹੈ। ਉਨ੍ਹਾਂ ਦੱਸਿਆ ਕਿ ਉਹ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਲਈ ਯੋਗ ਸ਼ਬਦ ਅਤੇ ਚਿੰਨ੍ਹ ਆਪਣੇ ਆਲੇ-ਦੁਆਲੇ ਦੇ ਸਮਾਜਿਕ ਵਰਤਾਰੇ ਵਿੱਚੋਂ ਲੈਂਦੇ ਹਨ। ਉਨ੍ਹਾਂ ਨੇ ਆਪਣੀ ਇਕ ਕਵਿਤਾ 'ਚਿੜੀ' ਅਤੇ ਗ਼ਜ਼ਲਾਂ ਦੇ ਕੁਝ ਸ਼ਿਅਰ ਵੀ ਹਾਜ਼ਰੀਨ ਨਾਲ ਸਾਂਝੇ ਕੀਤੇ। ਇਸ ਮੌਕੇ ਫਗਵਾੜੇ ਤੋਂ ਪਿਛਲੇ ਦਿਨੀਂ ਇੱਥੇ ਆਏ ਉਨ੍ਹਾਂ ਦੇ ਅਤੀ ਨਜ਼ਦੀਕੀ ਮਿੱਤਰ ਅੰਮ੍ਰਿਤ ਪ੍ਰਾਸ਼ਰ ਜੋ ਕਿ ਉਨ੍ਹਾਂ ਦੇ ਨੌਵੀਂ ਕਲਾਸ ਤੋਂ ਲੈ ਕੇ ਗਰੈਜੂਏਸ਼ਨ ਤੱਕ ਸਹਿਪਾਠੀ ਰਹੇ ਹਨ ਅਤੇ ਦੋਹਾਂ ਦੀ ਮਿੱਤਰਤਾ ਹੁਣ ਤੀਕ ਉਵੇਂ ਹੀ ਕਾਇਮ ਹੈ, ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਪ੍ਰਾਸ਼ਰ ਇਸ ਵੇਲੇ ਫਲਗਵਾੜੇ ਦੇ ਪੰਜਾਬ ਨੈਸ਼ਨਲ ਵਿਚ ਸੀਨੀਅਰ ਮੈਨੇਜਰ ਹੈ ਅਤੇ ਕੁਝ ਦਿਨਾਂ ਲਈ ਇੱਥੇ ਕੈਨੇਡਾ ਆਇਆ ਹੈ।

ਪ੍ਰੋਗਰਾਮ ਦੇ ਦੌਰਾਨ ਪ੍ਰਿੰਸੀਪਲ ਸੰਜੀਵ ਧਵਨ ਨੇ ਅੱਜਕੱਲ੍ਹ ਚੱਲ ਰਹੇ ਚੋਣਾਂ ਦੇ ਮਾਹੌਲ ਵਿਚ ਸਿਆਸੀ ਪਾਰਟੀਆਂ ਵੱਲੋਂ ਬਰੈਂਪਟਨ ਵਿਚ ਇਕ ਹੋਰ ਹਸਪਤਾਲ ਖੋਲ੍ਹਣ ਦੇ ਲਾਰੇ ਬਾਰੇ ਆਪਣੀ ਗੱਲ ਕਰਦਿਆਂ ਕਿ ਕੋਈ ਵੀ ਸਿਆਸੀ ਪਾਰਟੀ ਇਸ ਦੇ ਬਾਰੇ ਗੰਭੀਰ ਨਹੀਂ ਹੈ ਅਤੇ ਸਾਰੀਆਂ ਪਾਰਟੀਆਂ ਇਸ ਨੂੰ ਸਿਆਸੀ ਮੁੱਦੇ ਵਜੋਂ ਹੀ ਲੈ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬਰੈਂਪਟਨ ਵਿਚ ਹਸਪਤਾਲ ਬਰੈਂਪਟਨ-ਵਾਸੀਆਂ ਦੀ ਲੋੜ ਹੈ, ਨਾ ਕਿ ਸਿਆਸੀ ਨੇਤਾਵਾਂ ਦੀ, ਕਿਉਂਕਿ ਉਹ ਤਾਂ ਔਟਵਾ ਜਾਂ ਕਿਸੇ ਹੋਰ ਸ਼ਹਿਰ ਦੇ ਹਸਪਤਾਲ ਵਿਚ ਜਾ ਕੇ ਬੜੇ ਆਰਾਮ ਨਾਲ ਆਪਣਾ ਇਲਾਜ ਕਰਵਾ ਸਕਦੇ ਹਨ। ਉਨ੍ਹਾਂ ਸਾਰੇ ਬਰੈਂਪਟਨ-ਵਾਸੀਆਂ ਨੂੰ ਆਪੋ-ਆਪਣੀ ਨਿੱਜੀ ਸਿਆਸੀ ਵਿਚਾਰਧਾਰਾ ਤੋਂ ਉੱਪਰ ਉੱਠ ਕੇ ਇੱਕ-ਮੁੱਠ ਹੋ ਕੇ ਸੰਘਰਸ਼ ਕਰਨ ਲਈ ਕਿਹਾ ਜਿਸ ਦੀ ਅਗਵਾਈ ਉਹ ਆਪਣੇ ਹਮ-ਖ਼ਿਆਲ ਦੋਸਤਾਂ ਦੇ ਸਹਿਯੋਗ ਨਾਲ ਖ਼ੁਦ ਕਰਨਗੇ।

ਪ੍ਰੋਗਰਾਮ ਦੇ ਸ਼ਾਇਰੀ ਵਾਲੇ ਭਾਗ ਵਿਚ ਪੂਰਬੀ ਅਤੇ ਪੱਛਮੀ ਪੰਜਾਬ ਦੇ ਕਵੀਆਂ ਨੇ ਮਿਲ ਕੇ ਚੰਗਾ ਰੰਗ ਬੰਨ੍ਹਿਆਂ। ਜਿੱਥੇ ਪੂਰਬੀ ਪੰਜਾਬ ਨਾਲ ਸਬੰਧਿਤ ਕਵੀਆਂ ਕੁਲਵਿੰਦਰ ਖਹਿਰਾ, ਡਾ. ਪਰਗਟ ਸਿੰਘ ਬੱਗਾ, ਜਰਨੈਲ ਸਿੰਘ ਮੱਲ੍ਹੀ, ਪ੍ਰੀਤਮ ਧੰਜਲ, ਬਲਰਾਜ ਧਾਲੀਵਾਲ, ਗੁਰਦਾਸ ਮਿਨਹਾਸ, ਸੁਖਦੇਵ ਝੰਡ, ਕਰਨ ਅਜਾਇਬ ਸਿੰਘ ਸੰਘਾ, ਮਾਸਟਰ ਰਾਮ ਕੁਮਾਰ, ਸ਼ੈਂਟੀ ਕਾਲੀਆ, ਦਰਸ਼ਨ ਸਿੱਧੂ, ਸੁਰਜੀਤ ਕੌਰ, ਬਲਜੀਤ ਧਾਲੀਵਾਲ, ਜਤਿੰਦਰ ਰੰਧਾਵਾ, ਰਿੰਟੂ ਭਾਟੀਆ, ਸੋਨੀਆ ਸ਼ਰਮਾ, ਰਮਿੰਦਰ ਵਾਲੀਆ, ਜਗੀਰ ਸਿੰਘ ਕਾਹਲੋਂ, ਹਰਦਿਆਲ ਝੀਤਾ, ਕਰਮਜੀਤ ਬੱਗਾ ਆਦਿ ਨੇ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਸੁਣਾਈਆਂ, ਉੱਥੇ ਪਾਕਿਸਤਾਨੀ ਸ਼ਾਇਰਾਂ ਬਸ਼ੱਰਤ ਰੇਹਾਨ, ਮਕਸੂਦ ਚੌਧਰੀ, ਸ਼ੌਇਬ ਨਾਸਰ ਅਤੇ ਸ਼ਾਇਰਾ ਤਬੱਸਮ ਸਿਦੀਕੀ ਨੇ ਪੰਜਾਬੀ ਅਤੇ ਉਰਦੂ ਗ਼ਜ਼ਲਾਂ ਤੇ ਨਜ਼ਮਾ ਸੁਣਾ ਕੇ ਸ਼ਾਇਰੀ ਦਾ ਬਹੁਤ ਵਧੀਆ ਮਾਹੌਲ ਸਿਰਜਿਆ। ਤਬੱਸਮ ਸਦੀਕੀ ਦੀਆਂ ਉਰਦੂ ਗ਼ਜ਼ਲਾਂ ਨੇ ਸਰੋਤਿਆਂ 'ਤੇ ਵਿਸ਼ੇਸ਼ ਤੌਰ 'ਤੇ ਗਹਿਰੀ ਛਾਪ ਛੱਡੀ। ਕਰਮਜੀਤ ਬੱਗਾ ਨੇ ਅਲਗੋਜ਼ਿਆਂ ਉੱਪਰ ਕਈ ਤਿੰਨ-ਚਾਰ ਪੰਜਾਬੀ ਲੋਕ-ਗੀਤਾਂ ਦੀਆਂ ਧੁਨਾਂ ਕੱਢੀਆਂ ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ।

ਇਸ ਦੌਰਾਨ ਮੰਚ-ਸੰਚਾਲਕ ਭੁਪਿੰਦਰ ਦੁਲੇ ਅਤੇ ਇਸ ਮਹਿਫ਼ਲ ਦੇ ਪ੍ਰਬੰਧਕ ਸੰਨੀ ਸ਼ਿਵਰਾਜ ਨੇ ਵੀ ਆਪਣੀਆਂ ਗ਼ਜ਼ਲਾਂ ਨਾਲ ਸਰੋਤਿਆਂ ਨੂੰ ਨਿਹਾਲ ਕੀਤਾ। ਮੀਟਿੰਗ ਵਿਚ ਪ੍ਰਤੀਕ ਆਰਟਿਸਟ, ਦਰਸ਼ਨ ਸਿੰਘ ਦਰਸ਼ਨ, ਜਸਵਿੰਦਰ ਸਿੰਘ, ਦਲਜੀਤ ਸਿੰਘ ਗੈਦੂ ਅਤੇ ਉਨ੍ਹਾਂ ਦੇ ਸਾਥੀ ਜਰਨੈਲ ਸਿੰਘ ਮਠਾੜੂ ਤੇ ਜਸਬੀਰ ਸਿੰਘ ਸੈਂਹਬੀ ਵਿਸ਼ੇਸ਼ ਤੌਰ 'ਤੇ ਸਰੋਤਿਆਂ ਵਿਚ ਸ਼ਾਮਲ ਹੋਏ। ਅੰਤਰ-ਰਾਸ਼ਟਰੀ ਵਿਦਿਆਰਥੀਆਂ ਚੰਦਰ ਜੈਸਮੀਨ ਡੋਗਰਾ ਤੇ ਇੰਦਰ ਲਵਲੀਨ ਡੋਗਰਾ ਦਾ ਇਸ ਮੀਟਿੰਗ ਵਿਚ ਆਉਣਾ ਇਸ ਦਾ ਵਿਸ਼ੇਸ਼ ਹਾਸਲ ਸੀ। ਪ੍ਰੋਗਰਾਮ ਦੇ ਦੌਰਾਨ ਪਾਕਿਸਤਾਨੀ ਸ਼ਾਇਰਾਂ ਬਸ਼ੱਰਤ ਰੇਹਾਨ, ਸ਼ੌਇਬ ਨਾਸਰ ਅਤੇ ਤਬੱਸਮ ਸਿਦੀਕੀ ਨੂੰ ਖ਼ੂਬਸੂਰਤ ਸਕਾਰਫ਼ਾਂ ਦੇ ਨਾਲ ਸਨਮਾਨਿਤ ਕੀਤਾ ਗਿਆ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਇਕੱਤਰਤਾ 'ਚ ਲਘੂ ਫ਼ਿਲਮ 'ਨੈਵਰ ਅਗੇਨ' ਵਿਖਾਈ ਜਾਏਗੀ

## 20 ਅਕਤੂਬਰ ਨੂੰ ਹੋਵੇਗੀ ਇਕੱਤਰਤਾ, ਇਕਬਾਲ ਬਰਾੜ ਦੇ ਗੀਤਾਂ ਦੀਆਂ ਵੀਡੀਓਜ਼ ਹੋਣਗੀਆਂ ਤੇ ਕਵੀ-ਦਰਬਾਰ ਵੀ ਹੋਵੇਗਾ

ਬਰੈਂਪਟਨ, (ਡਾ. ਝੰਡ) -ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ 20 ਅਕਤੂਬਰ ਦਿਨ ਐਤਵਾਰ ਨੂੰ ਐੱਫ਼.ਬੀ.ਆਈ. ਸਕੂਲ ਵਿਚ ਬਾਅਦ ਦੁਪਹਿਰ 2.00 ਵਜੇ ਹੋਣ ਵਾਲੀ ਮਹੀਨਾਵਾਰ ਇਕੱਤਰਤਾ ਵਿਚ ਇਸ ਵਾਰ ਸੰਘਾ ਮੋਸ਼ਨ ਪਿਕਚਰਜ਼ ਦੀ ਚਰਚਿਤ ਲਘੂ ਫ਼ਿਲਮ 'ਨੈਵਰ ਅਗੇਨ' ਵਿਖਾਈ ਜਾਏਗੀ। ਸਭਾ ਦੇ ਸਰਗ਼ਰਮ ਮੈਂਬਰ ਡਾ. ਜਗਮੋਹਨ ਸਿੰਘ ਸੰਘਾ ਦੀ ਟੀਮ ਵੱਲੋਂ ਤਿਆਰ ਕੀਤੀ ਗਈ ਕੇਵਲ 20 ਮਿੰਟਾਂ ਦੀ ਇਸ ਅੰਗਰੇਜ਼ੀ ਫ਼ਿਲਮ ਵਿਚ ਕਈ ਸਮਾਜਿਕ ਸਰੋਕਾਰਾਂ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਇਹ ਸਕੂਲ 21 ਕੋਵੈਨਟਰੀ ਰੋਡ 'ਤੇ ਸਥਿਤ ਹੈ ਅਤੇ ਇੱਥੇ ਪਹੁੰਚਣ ਲਈ ਨੇੜਲਾ ਮੇਨ-ਇੰਟਰਸੈੱਕਸ਼ਨ ਏਅਰਪੋਰਟ ਰੋਡ ਅਤੇ ਕੁਈਨਜ਼ ਐਵੀਨਿਊ ਹੈ। ਕੋਵੈਂਟਰੀ ਰੋਡ ਏਅਰਪੋਰਟ ਰੋਡ ਤੋਂ ਪੱਛਮ ਵਾਲੇ ਪਾਸੇ ਜਾਂਦੀ ਹੈ ਜਿੱਥੇ ਅੱਗੋਂ ਇਹ ਸਕੂਲ ਆਉਂਦਾ ਹੈ।

ਜ਼ਿਕਰਯੋਗ ਹੈ ਕਿ ਇਸ ਫ਼ਿਲਮ ਦਾ ਸਫ਼ਲ ਸ਼ੋਅ ਬੀਤੇ ਦਿਨੀਂ ਬਰੈਂਪਟਨ ਦੇ ਇਕ ਥੀਏਟਰ ਹਾਲ ਵਿਚ ਕੀਤਾ ਗਿਆ ਸੀ ਜਿਸ ਨੂੰ ਦਰਸ਼ਕਾਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ ਸੀ। ਉੱਥੇ ਹਾਲ ਵਿਚ ਸੀਟਾਂ ਸੀਮਤ ਹੋਣ ਕਾਰਨ ਬਹੁਤ ਸਾਰੇ ਦਰਸ਼ਕ ਇਸ ਫ਼ਿਲਮ ਨੂੰ ਵੇਖਣ ਤੋਂ ਵਾਂਝੇ ਰਹਿ ਗਏ ਸਨ। ਉਨ੍ਹਾਂ ਦੀ ਦਿਲਚਸਪੀ ਅਤੇ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਪ੍ਰਬੰਧਕਾਂ ਵੱਲੋਂ ਇਸ ਫ਼ਿਲਮ ਦਾ ਇਕ ਸ਼ੋਅ ਹੋਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਬਰੈਂਪਟਨ ਦੇ ਪ੍ਰਸਿੱਧ ਗਾਇਕ ਇਕਬਾਲ ਬਰਾੜ ਦੇ ਚੋਣਵੇਂ ਗੀਤਾਂ ਦੀਆਂ ਵੀਡੀਓਜ਼ ਵੀ ਵਿਖਾਈਆਂ ਜਾਣਗੀਆਂ ਅਤੇ ਕਵੀ ਦਰਬਾਰ ਵੀ ਹੋਵੇਗਾ। ਸਭਾ ਦੇ ਮੈਂਬਰਾਂ ਤੇ ਸਾਹਿਤ-ਪ੍ਰੇਮੀਆਂ ਨੂੰ ਸਮੇਂ-ਸਿਰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।ਇਸ ਸਬੰਧੀ ਵਧੇਰੇ ਜਾਣਕਾਰੀ ਲਈ ਪਰਮਜੀਤ ਢਿੱਲੋਂ (519-709-8586), ਮਲੂਕ ਸਿੰਘ ਕਾਹਲੋਂ (905-497-1216) ਜਾਂ ਤਲਵਿੰਦਰ ਮੰਡ (416-904-3500) ਨੂੰ ਸੰਪਰਕ ਕੀਤਾ ਜਾ ਸਕਦਾ ਹੈ।

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?
63 Talbot Street / BRAMPTON $729,900
Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,
Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE* *INDEPENDENTLY OWNED AND OPERATED
12 Bluffmeadow Street / BRAMPTON $989,000
Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.
For More listings Visit anabelaserra.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6



# ਸੰਪਾਦਕੀ

## ਕੋਲੀਸ਼ਨ ਸਰਕਾਰ ਦੀ ਸੰਭਾਵਨਾ ਅਤੇ ਜਗਮੀਤ ਸਿੰਘ ਦੀ ਚੜਤ

ਬੀਤੇ ਦਿਨਾਂ ਵਿੱਚ ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਬਰੈਂਪਟਨ ਮਿਸੀਸਾਗਾ ਦੀਆਂ ਕੁੱਝ ਚੋਣਵੀਆਂ ਰਾਈਡਿੰਗਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਆਰਟੀਕਲਾਂ ਇੱਕ ਲੜੀ ਲਿਖੀ ਗਈ ਸੀ। ਉਸ ਵਿੱਚ ਵੱਖ ਵੱਖ ਚੋਣ ਸਰਵੇਖਣਾਂ ਦੇ ਆਧਾਰ ਉੱਤੇ ਲਿਬਰਲ ਜਿੱਤ ਦੇ ਆਸਾਰ ਦਰਸਾਏ ਗਏ ਸਨ। ਪਰ ਉਸ ਤੋਂ ਬਾਅਦ ਸਿਆਸੀ ਪਾਰਟੀਆਂ ਦੇ ਲੀਡਰਾਂ ਦੀ ਅੰਗਰੇਜ਼ੀ ਵਿੱਚ ਬਹਿਸ ਨੇ ਚੋਣ ਕਿਆਸ ਅਰਾਈਆਂ ਦੇ ਸਾਰੇ ਗਣਿਤ ਨੂੰ ਉਥਲ ਪੁਥਲ ਕਰ ਕੇ ਰੱਖ ਦਿੱਤੇ। ਡੀਬੇਟ ਵਿੱਚ ਜਗਮੀਤ ਸਿੰਘ ਦੀ ਕਾਰਗੁਜ਼ਾਰੀ ਨੂੰ ਕੋਸਟ ਟੂ ਕੋਸਟ (Coast to coast) ਵੱਸਦੇ ਕੈਨੇਡੀਅਨਾਂ ਨੇ ਐਨਾ ਸਰਾਹਿਆ ਕਿ ਐਨ ਡੀ ਪੀ ਦੀਆਂ ਘੂਕ ਸੁੱਤੀਆਂ ਕਲਾਵਾਂ ਜਾਗ ਪਈਆਂ ਹਨ। ਮਹਿਜ਼ 13 ਤੋਂ 14% ਉੱਤੇ ਘੁੰਮਦੀ ਐਨ ਡੀ ਪੀ ਦੀ ਮਕਬੂਲੀਅਤ ਦੀ ਸੂਈ ਅੱਜ 20% ਉੱਤੇ ਪੁੱਜ ਗਈ ਹੈ। ਇਸ ਤਬਦੀਲੀ ਤੋਂ ਬਾਅਦ ਜਗਮੀਤ ਸਿੰਘ ਦੇ ਜੋਸ਼ ਅਤੇ ਹੌਸਲੇ ਵਿੱਚ ਚੌਗਣਾ ਵਾਧਾ ਹੋ ਗਿਆ ਹੈ। ਹੁਣ ਉਹ ਖੁੱਲ ਕੇ ਆਖਣ ਲੱਗ ਪਿਆ ਹੈ ਕਿ ਕੰਜ਼ਰਵੇਟਿਵਾਂ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਉਹ ਕੋਲੀਸ਼ਨ ਸਰਕਾਰ ਨੂੰ ਬਣਾਉਣ ਦੇ ਹੱਕ ਵਿੱਚ ਹੋਵੇਗਾ।

ਸਿਆਸਤ ਦੀ ਬਦਲੀ ਇਹ ਸੁਰ ਸਾਨੂੰ 2008 ਦੇ ਉਹਨਾਂ ਦਿਨਾਂ ਵੱਲ ਲੈ ਕੇ ਜਾਂਦੀ ਹੈ ਜਦੋਂ ਕੰਜ਼ਰਵੇਟਿਵ ਸਰਕਾਰ ਡੇਗਣ ਲਈ ਲਿਬਰਲ ਲੀਡਰ ਸਟੈਫਾਨ ਡੀਓਨ ਅਤੇ ਐਨ ਡੀ ਪੀ ਲੀਡਰ ਜੈਕ ਲੇਅਟਨ ਨੇ ਸਾਂਝਾ ਗਠਜੋੜ ਬਣਾ ਕੇ ਕੋਲੀਸ਼ਨ ਸਰਕਾਰ ਬਣਾਉਣ ਲਈ ਯੋਜਨਾਵਾਂ ਪਕਾਈਆਂ ਸਨ। ਉਸ ਵੇਲੇ ਐਨ ਡੀ ਪੀ ਲਈ ਡਿਪਟੀ ਪ੍ਰਾਈਮ ਮਿਨਿਸਟਰ ਦੀ ਕੁਰਸੀ ਰਾਖਵੀਂ ਰੱਖਣ ਦੀਆਂ ਅਫਵਾਹਾਂ ਉੱਠੀਆਂ ਸਨ। ਸਟੀਫ਼ਨ ਹਾਰਪਰ ਇੱਕ ਸ਼ਾਤਰ ਸਿਆਸਤਦਾਨ ਸੀ। ਉਸਨੇ ਲਿਬਰਲਾਂ ਅਤੇ ਐਨ ਡੀ ਪੀ ਦੀ ਖਿਚੜੀ ਪੱਕਣ ਤੋਂ ਪਹਿਲਾਂ ਹੀ ਪਾਰਲੀਮੈਂਟ ਭੰਗ ਕਰ ਕੇ ਸਰਕਾਰ ਡਿੱਗਣੋਂ ਬਚਾ ਲਈ ਸੀ। ਜਿਸ ਵੇਲੇ ਪਾਰਲੀਮੈਂਟ ਦੁਬਾਰਾ ਖੁੱਲੀ ਤਾਂ ਤਤਕਾਲੀ ਸਿਆਸਤ ਦੇ ਬੋਝ ਦਾ ਮਾਰਿਆ ਸਟੀਫਾਨ ਡੀਓਨ ਅਸਤੀਫਾ ਦੇ ਚੁੱਕਾ ਸੀ ਅਤੇ ਨਵੇਂ ਲਿਬਰਲ ਲੀਡਰ ਮਾਈਕਲ ਇਗਨਾਟੀਅਫ਼ ਨੂੰ ਕੋਲੀਸ਼ਨ ਸਰਕਾਰ ਦਾ ਸਿਧਾਂਤ ਹੀ ਪਸੰਦ ਨਹੀਂ ਸੀ।

ਸਿਆਸੀ ਪੰਡਤਾਂ ਦੀਆਂ ਹੁਣ ਤੱਕ ਕੀਤੀਆਂ ਕਿਆਸ-ਅਰਾਈਆਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਬੇਸ਼ੱਕ ਕੰਜ਼ਰਵੇਟਿਵ ਸੱਭ ਤੋਂ ਵੱਧ ਸੀਟਾਂ ਹਾਸਲ ਕਰ ਜਾਣ ਪਰ ਉਹਨਾਂ ਨੂੰ ਬਹੁ ਗਿਣਤੀ ਸੀਟਾਂ ਮਿਲਣਾ ਸ਼ਾਇਦ ਸੰਭਵ ਨਾ ਹੋਵੇ। ਦੂਜੇ ਪਾਸੇ ਜਗਮੀਤ ਸਿੰਘ ਲਈ ਇਹ ਇੱਕ ਸੁਨਹਿਰੀ ਅਵਸਰ ਹੋਵੇਗਾ ਜਦੋਂ ਯੂਰਪ ਅਤੇ ਨੌਰਥ ਅਮਰੀਕਾ ਵਿੱਚ ਕਿਸੇ ਮੁਲਕ ਦੀ ਸਰਕਾਰ ਨੂੰ ਬਣਾਉਣ ਵਿੱਚ ਉਸਦਾ ਨਿੱਜੀ ਰੋਲ ਹੀ ਭਰਪੂਰ ਨਹੀਂ ਹੋਵੇਗਾ ਸਗੋਂ ਉਸਦੇ ਦੇਸ਼ ਦਾ ਡਿਪਟੀ ਪ੍ਰਾਈਮ ਮਿਨਿਸਟਰ ਬਣਨ ਨਾਲ ਇੱਕ ਇਤਿਹਾਸ ਸਿਰਜੇ ਜਾਣ ਦੇ ਪੂਰੇ ਆਸਾਰ ਬਣ ਰਹੇ ਹਨ। ਅਜਿਹਾ ਹੋਣਾ ਸਿਰਫ਼ ਸਿੱਖ ਭਾਈਚਾਰੇ ਲਈ ਨਹੀਂ ਸਗੋਂ ਹਰ ਘੱਟ ਗਿਣਤੀ ਨਾਲ ਸਬੰਧਿਤ ਹਰ ਪਰਵਾਸੀ ਲਈ ਮਾਣਮੱਤੀ ਪ੍ਰਾਪਤੀ ਹੋਵੇਗੀ। ਜੇ ਇਹ ਅਵਸਰ ਇਸ ਵਾਰ ਖੁੰਝ ਗਿਆ ਤਾਂ ਇਸਦੇ ਮੁੜ ਆਉਣ ਨੂੰ ਬਹੁਤ ਦੇਰ ਲੱਗ ਸਕਦੀ ਹੈ।

ਇਸ ਵਾਰ ਇੱਕ ਗੱਲ ਸਾਫ਼ ਨਜ਼ਰ ਆਉਂਦੀ ਹੈ ਕਿ ਜਿੱਥੇ ਜਗਮੀਤ ਸਿੰਘ, ਐਂਡਰੀਊ ਸ਼ੀਅਰ ਹੌਸਲੇ ਨਾਲ ਚੋਣ ਪ੍ਰਚਾਰ ਕਰ ਰਹੇ ਹਨ, ਉੱਥੇ 2019 ਵਿੱਚ ਜਸਟਿਨ ਟਰੂਡੋ ਦੀ ਆਵਾਜ਼ ਵਿੱਚ ਉਹ ਗੜਕਾ ਨਹੀਂ ਜੋ 2015 ਵਿੱਚ ਵੇਖਣ ਨੂੰ ਮਿਲਦਾ ਹੁੰਦਾ ਸੀ। ਜੇ ਮਨੁੱਖ ਦੇ ਹੌਸਲੇ ਨੂੰ ਆਉਣ ਵਾਲੇ ਸਮੇਂ ਦੀ ਨਿਸ਼ਾਨੀ ਸਮਝਿਆ ਜਾਵੇ ਤਾਂ ਲਿਬਰਲ ਪਾਰਟੀ ਲਈ ਘੱਟ ਗਿਣਤੀ ਜਾਂ ਕੋਲੀਸ਼ਨ ਸਰਕਾਰ ਦੀ ਸੋਚ ਵੀ ਹਾਲ ਦੀ ਘੜੀ ਫਿਕਰ ਵਾਲਾ ਵਿਸ਼ਾ ਹੈ ਜਦੋਂ ਕਿ ਐਨ ਡੀ ਪੀ ਇਸ ਸੰਭਾਵਨਾ ਨੂੰ ਉਜਾਗਰ ਹੁੰਦਾ ਵੇਖ ਬਾਗੋ ਬਾਗ ਹੈ।

ਕੈਨੇਡਾ ਦੇ ਪਾਰਲੀਮਾਨੀ ਇਤਿਹਾਸ ਵਿੱਚ ਅੱਜ ਤੱਕ ਕਦੇ ਕੋਲੀਸ਼ਨ ਸਰਕਾਰ ਹੋਂਦ ਵਿੱਚ ਨਹੀਂ ਆਈ ਹੈ। ਮੁਮਕਿਨ ਹੈ ਕਿ ਜਗਮੀਤ ਸਿੰਘ ਦੇ ਹਿੱਸੇ ਕੈਨੇਡਾ ਦੀ ਪਹਿਲੀ ਕੋਲੀਸ਼ਨ ਸਰਕਾਰ ਬਣਾਉਣ ਦਾ ਸਿਹਰਾ ਵੀ ਬੱਝ ਜਾਵੇ। ਜੇ ਲਿਬਰਲ ਅਤੇ ਐਨ ਡੀ ਪੀ ਦੋਵੇਂ ਜਾਂ ਹੋਰ ਪਾਰਟੀਆਂ ਜਿਵੇਂ ਕਿ ਗਰੀਨ ਜਾਂ ਫੇਰ ਬਲਾਕ ਕਿਊਬਕੋਆ ਨਾਲ ਮਿਲ ਕੇ ਸਰਕਾਰ ਬਣਾਉਂਦੇ ਹਨ ਤਾਂ ਕੈਨੇਡਾ ਨੂੰ ਅਗਲੇ ਸਾਲ ਵੱਡੇ ਘਾਟੇ ਵਾਲੇ ਬੱਜਟ ਹੰਢਾਉਣ ਲਈ ਤਿਆਰ ਰਹਿਣਾ ਹੋਵੇਗਾ ਕਿਉਂਕਿ ਲਿਬਰਲ ਅਤੇ ਐਨ ਡੀ ਪੀ ਦੋਵਾਂ ਦੇ ਪਲੇਟਫਾਰਮ ਵੱਡੇ ਖਰਚਿਆਂ ਦੇ ਵਾਅਦੇ ਨਾਲ ਲੈਸ ਹਨ।

ਨਵੇਂ ਉੱਭਰ ਰਹੇ ਸਿਆਸੀ ਰੁਝਾਨਾਂ ਦੇ ਮੁੱਦੇਨਜ਼ਰ 17 ਅਕਤੂਬਰ ਨੂੰ ਬਰੈਂਪਟਨ ਵਿੱਚ ਜਗਮੀਤ ਸਿੰਘ ਵੱਲੋਂ ਕੀਤੀ ਜਾਣ ਵਾਲੀ ਚੋਣ ਰੈਲੀ ਤੋਂ ਐਨ ਡੀ ਪੀ ਬਹੁਤ ਆਸਾਂ ਲਾ ਕੇ ਰੱਖੇਗੀ। ਬਰੈਂਪਟਨ ਜਗਮੀਤ ਸਿੰਘ ਦਾ ਜੱਦੀ ਇਲਾਕਾ ਹੈ ਅਤੇ ਉਸ ਕੋਲ ਵਾਲੰਟੀਅਰਾਂ ਦੀ ਅੱਛੀ ਖਾਸੀ ਟੀਮ ਹੈ। ਬੀਤੇ ਦਿਨੀਂ ਜਸਟਿਨ ਟਰੂਡੋ ਦੀ ਮਿਸੀਸਾਗਾ ਰੈਲੀ ਵਿੱਚ ਕੋਈ ਬਹੁਤੇ ਲੋਕ ਹਾਜ਼ਰ ਨਹੀਂ ਸਨ ਹੋਏ ਪਰ ਜਗਮੀਤ ਸਿੰਘ ਦੀ ਬਰੈਂਪਟਨ ਰੈਲੀ ਨੂੰ ਹੋਣ ਵਾਲੀ ਰੈਲੀ ਸ਼ਰਤੀਆ ਹੀ ਟਰੂਡੋ ਦੀ ਰੈਲੀ ਦੇ ਮੁਕਾਬਲੇ ਕਾਮਯਾਬ ਰਹਿਣ ਦੀ ਆਸ ਹੈ। 2015 ਵਿੱਚ ਟਰੂਡੋ ਦੇ ਸਨਮਾਨ ਵਿੱਚ ਬਰੈਂਪਟਨ ਦੇ ਪਾਵਰਏਡ ਸੈਂਟਰ ਵਿੱਚ ਆਯੋਜਿਤ ਰੈਲੀ ਵਿੱਚ 10,000 ਲੋਕ ਸ਼ਾਮਲ ਹੋਏ ਸਨ ਅਤੇ ਉਸ ਰੈਲੀ ਨੇ ਚੋਣਾਂ ਦਾ ਰੁਖ ਬਦਲ ਦਿੱਤਾ ਸੀ। ਜੇ ਚਾਰ ਸਾਲ ਬਾਅਦ 17 ਅਕਤੂਬਰ 2019 ਨੂੰ ਬਰੈਂਪਟਨ ਵਿੱਚ ਹੋਣ ਵਾਲੀ ਐਨ ਡੀ ਪੀ ਰੈਲੀ ਜਗਮੀਤ ਸਿੰਘ ਦੀ ਸਿਆਸੀ ਕਿਸਮਤ ਬਦਲ ਦੇਵੇ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ।

## ਫਿਊਲ ਟਰੱਕ ਤੇ ਬੱਸ ਨਾਲ ਟਕਰਾਈ ਤੇਜ਼ ਰਫਤਾਰ ਐਸਯੂਵੀ

...ਪੰਨਾ 1 ਦਾ ਬਾਕੀ



ਇਹ ਐਸਯੂਵੀ ਜ਼ਖ਼ਮੀ ਲੜਕੇ ਦੇ ਪਰਿਵਾਰਕ ਮੈਂਬਰ ਦੀ ਹੈ। ਜਿਵੇਂ ਹੀ ਪੁਲਿਸ ਅਧਿਕਾਰੀ ਨੇ ਐਸਯੂਵੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਲੜਕੇ ਤੇਜ਼ੀ ਨਾਲ ਉੱਥੋਂ ਗੱਡੀ ਭਜਾ ਕੇ ਲੈ ਗਏ। ਫਿਰ ਇਹ ਗੱਡੀ ਜਦੋਂ ਫਿੰਚ ਐਵਨਿਊ ਵੈਸਟ ਤੇ ਡਫਰਿਨ ਸਟਰੀਟ ਲਾਂਘੇ ਦੇ ਦੱਖਣ ਵਿੱਚ ਪਹੁੰਚੀ ਤਾਂ ਪੂਰੀ ਤੇਜ਼ ਰਫਤਾਰ ਨਾਲ ਫਿਊਲ ਟਰੱਕ ਨਾਲ ਜਾ ਟਕਰਾਈ। ਫਿਊਲ ਟਰੱਕ ਦੇ ਨਾਲ ਨਾਲ ਇਹ ਐਸਯੂਵੀ ਗੋ ਟਰਾਂਜ਼ਿਟ ਬੱਸ ਨਾਲ ਵੀ ਟਕਰਾਈ ਪਰ ਉਸ ਸਮੇਂ ਬੱਸ ਵਿੱਚ ਕੋਈ ਯਾਤਰੀ ਸਵਾਰ ਨਹੀਂ ਸੀ। ਐਸਯੂਵੀ ਦੇ 13 ਸਾਲਾ ਕਥਿਤ ਡਰਾਈਵਰ ਨੂੰ ਪੁਲਿਸ ਵੱਲੋਂ ਮੌਕੇ ਉੱਤੇ ਹੀ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਗੱਡੀ ਚਲਾਉਣ ਵਾਲੇ ਲੜਕੇ ਦੇ ਨਾਲ ਬੈਠੇ ਇੱਕ ਹੋਰ 13 ਸਾਲਾ ਲੜਕੇ ਨੂੰ ਲੱਤ ਵਿੱਚ ਗੰਭੀਰ ਸੱਟ ਲੱਗਣ ਕਾਰਨ ਹਸਪਤਾਲ ਲਿਜਾਇਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਰਜੈਂਟ ਮੁਰੇ ਕੈਂਪਬੈਲ ਨੇ ਦੱਸਿਆ ਕਿ ਇਹ ਵੀ ਪਤਾ ਲੱਗਿਆ ਹੈ ਕਿ ਹਸਪਤਾਲ ਵਿੱਚ ਉਸ ਲੜਕੇ ਦਾ ਆਪਰੇਸ਼ਨ ਕੀਤਾ ਗਿਆ ਹੈ। ਇਸ ਦੌਰਾਨ ਖੁਦ ਨੂੰ ਜ਼ਖ਼ਮੀ ਲੜਕੇ ਦਾ ਪਿਤਾ ਦੱਸਣ ਵਾਲੇ ਵਿਅਕਤੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਨੁਕਸਾਨੀ ਗਈ ਐਸਯੂਵੀ ਉਸ ਦੀ ਹੀ ਹੈ। ਉਸ ਨੇ ਇਹ ਵੀ ਦੱਸਿਆ ਕਿ ਆਖਰੀ ਵਾਰੀ ਉਸ ਨੇ ਆਪਣੇ ਲੜਕੇ ਨੂੰ ਘਰ ਵਿੱਚ ਰਾਤੀਂ 12:00 ਵਜੇ ਵੇਖਿਆ ਸੀ ਤੇ ਉਹ ਨਹੀਂ ਸੀ ਜਾਣਦਾ ਕਿ ਉਹ ਐਸਯੂਵੀ ਲੈ ਕੇ ਗਿਆ ਹੈ।

## ਬਹਿਬਲ ਕਲਾਂ ਕਾਂਡ: ਮੁਤਵਾਜ਼ੀ ਜਥੇਦਾਰਾਂ ਵੱਲੋਂ ਦੋ ਵੱਖੋ-ਵੱਖਰੇ ਸਮਾਗਮ, ਇੱਕ-ਦੂਜੇ ਉੱਤੇ ਦੂਸ਼ਣਬਾਜ਼ੀ

ਕੋਟਕਪੂਰਾ, 15 ਅਕਤੂਬਰ (ਪੋਸਟ ਬਿਊਰੋ)- ਚਾਰ ਸਾਲ ਪਹਿਲਾਂ 14 ਅਕਤੂਬਰ 2015 ਨੂੰ ਵਾਪਰੇ ਬਹਿਬਲ ਕਲਾਂ ਗੋਲ ਕਾਂਡ ਅਤੇ ਉਸ ਨਾਲ ਜੁੜੀਆਂ ਘਟਨਾਵਾਂ ਬਾਰੇ ਕੱਲ੍ਹ ਬਰਗਾੜੀ ਅਤੇ ਬਹਿਬਲ ਕਲਾਂ 'ਚ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਦੋ ਮੁਤਵਾਜ਼ੀ ਜਥੇਦਾਰਾਂ ਧਿਆਨ ਸਿੰਘ ਮੰਡ ਅਤੇ ਬਲਜੀਤ ਸਿੰਘ ਦਾਦੂਵਾਲ ਨੇ ਦੋ ਵੱਖ-ਵੱਖ ਸਮਾਗਮ ਕੀਤੇ। ਚਾਰ ਕਿਲੋਮੀਟਰ ਫਾਸਲੇ 'ਤੇ ਹੋਏ ਇਨ੍ਹਾਂ ਸਮਾਗਮਾਂ 'ਚ ਦੋ ਮੁਤਵਾਜ਼ੀ ਜਥੇਦਾਰਾਂ ਨੇ ਵੱਖੋ-ਵੱਖ ਹਾਜ਼ਰੀ ਭਰੀ।ਵਦੋਵਾਂ ਹੀ ਮੰਚਾਂ ਤੋਂ ਪੰਥਕ ਇਕਸੁਰਤਾ ਲਈ ਤਕਰੀਰਾਂ ਹੋਈਆਂ ਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 'ਤੇ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੇ ਮਾਮਲੇ ਵਿੱਚ ਵਾਅਦਾ-ਖਿਲਾਫੀ ਦੇ ਦੋਸ਼ ਲਾਏ ਗਏ।

ਬਰਗਾੜੀ ਦੇ ਖੇਡ ਸਟੇਡੀਅਮ ਵਿੱਚ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਏਕਤਾ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕੈਪਟਨ ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾ ਦੇਣ ਅਤੇ ਨਸ਼ਿਆਂ ਨੂੰ ਖਤਮ ਕਰਨ ਦੇ ਵਾਅਦੇ ਨਾਲ ਬਣੀ ਸੀ, ਪਰ ਪੌਣੇ ਤਿੰਨ ਸਾਲ ਬੀਤਣ 'ਤੇ ਵੀ ਦੋਵੇਂ ਵਾਅਦੇ ਪੂਰੇ ਨਹੀਂ ਹੋਏ। ਉਨ੍ਹਾਂ ਕਿਹਾ ਕਿ ਅਬਦਾਲੀ ਤੇ ਅੰਗਰੇਜ਼ਾਂ ਨਾਲ ਲੋਹਾ ਲੈਣ ਵਾਲੇ ਪੰਜਾਬੀਆਂ ਨੂੰ ਇਨ੍ਹਾਂ ਕੇਸਾਂ 'ਚ ਆਪਣਿਆਂ ਦੇ ਹੱਥੋਂ ਹਾਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਅਤੇ ਬਾਦਲਾਂ ਦੀ ਅਗਵਾਈ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਸੀ ਕਿ ਸਾਂਝੇ ਕੌਮੀ ਮਸਲੇ 'ਤੇ ਇਸ ਇਕੱਠ ਵਿੱਚ ਸ਼ਾਮਲ ਹੁੰਦੇ। ਉਨ੍ਹਾਂ ਚੰਡੀਗੜ੍ਹ, ਪਾਣੀਆਂ ਦੇ ਮਾਮਲੇ ਅਤੇ ਸਿੱਖ ਨਸਲਕੁਸ਼ੀ ਦਾ ਜ਼ਿਕਰ ਕਰ ਕੇ ਪੰਜਾਬ ਨਾਲ ਧੱਕੇਸ਼ਾਹੀ ਦੇ ਦੋਸ਼ ਲਾਏ। ਉਨ੍ਹਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਅਤੇ ਐੱਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਦੇ ਨਤੀਜਿਆਂ 'ਤੇ ਅਸੰਤੁਸ਼ਟੀ ਪ੍ਰਗਟਾਉਂਦਿਆਂ ਅਕਾਲੀਆਂ ਅਤੇ ਕਾਂਗਰਸੀਆਂ 'ਤੇ ਘਿਓ-ਖਿਚੜੀ ਹੋਣ ਦਾ ਦੋਸ਼ ਲਾਇਆ।

ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਘਟਨਾਵਾਂ ਦੇ ਚਾਰ ਵਰ੍ਹੇ ਬੀਤਣ 'ਤੇ ਵੀ ਇਨਸਾਫ ਦੇਣ ਪੱਖੋਂ ਸਥਿਤੀ ਜਿਉਂ ਦੀ ਤਿਉਂ ਹੈ। ਉਨ੍ਹਾਂ ਕਿਹਾ ਕਿ ਇਨਸਾਫ ਦੇਣ ਦੀ ਗੱਲ ਕਰਨ ਵਾਲੇ ਹੀ ਦੋਸ਼ੀਆਂ ਨੂੰ ਸੁਰੱਖਿਆ ਦੇ ਰਹੇ ਹਨ। ਉਨ੍ਹਾਂ ਜਥੇਦਾਰ ਧਿਆਨ ਸਿੰਘ ਮੰਡ ਬਾਰੇ ਕਿਹਾ ਕਿ ਬਰਗਾੜੀ ਦਾ ਇਨਸਾਫ ਮੋਰਚਾ ਖਤਮ ਕਰਨ ਲੱਗਿਆਂ ਕੌਮ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ। ਉਨ੍ਹਾਂ ਮੁੱਖ ਮੰਤਰੀ ਬਾਰੇ ਆਖਿਆ ਕਿ ਜੇ ਬੇਅਦਬੀ ਦੀਆਂ ਘਟਨਾਵਾਂ ਦੇ ਸੰਬੰਧ ਵਿੱਚ ਨਿਆਂ ਨਾ ਦਿੱਤਾ ਤਾਂ ਉਨ੍ਹਾਂ ਦੀਆਂ ਪੁਸ਼ਤਾਂ ਦਾ ਹਸ਼ਰ ਬਾਦਲਾਂ ਵਾਲਾ ਹੋਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀਆਂ ਜ਼ਿਮਨੀ ਚੋਣਾਂ ਅਤੇ ਹਰਿਆਣਾ ਚੋਣਾਂ 'ਚ ਬਾਦਲਾਂ ਨੂੰ ਹਰਾਉਣ।

ਬਹਿਬਲ ਕਲਾਂ ਨੇੜੇ ਗੁਰਦੁਆਰਾ ਟਿੱਬੀ ਸਾਹਿਬ ਦੇ ਸਮਾਗਮ ਵਿੱਚ ਅਕਾਲ ਤਖਤ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਬੇਅਦਬੀ ਕਰਨ ਅਤੇ ਉਨ੍ਹਾਂ ਨੂੰ ਸਜ਼ਾਵਾਂ ਦੇਣ ਵਾਲੇ ਆਪਸ ਵਿੱਚ ਰਲ ਗਏ ਹਨ। ਉਨ੍ਹਾਂ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਉਸ ਨੇ ਬੇਅਦਬੀ ਕੇਸਾਂ ਨਾਲ ਜੁੜੇ ਦੋਸ਼ੀਆਂ ਨੂੰ ਸਜ਼ਾ ਦੇਣ ਦੇ ਵਾਅਦੇ ਤੋਂ ਭੱਜ ਕੇ ਸਿੱਖਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਉਨ੍ਹਾਂ ਪੰਥਕ ਇਕਸੁਰਤਾ ਦਾ ਸੁਨੇਹਾ ਦੇ ਕੇ ਆਲੋਚਕਾਂ ਨੂੰ ਸਲਾਹ ਦਿੱਤੀ ਕਿ ਉਹ ਮੀਡੀਏ ਕੋਲ ਜਾ ਕੇ ਗੱਲ ਕਰਨ ਦੀ ਥਾਂ ਘਰ ਦੀ ਗੱਲ ਘਰ ਵਿੱਚ ਰਹਿ ਕੇ ਕਰਨ ਤਾਂ ਚੰਗਾ ਹੋਵੇਗਾ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਨੂੰ ਵੀ ਸਵਾਲ ਕੀਤਾ ਕਿ ਕੀ ਗੁਰੂ ਨਾਨਕ ਪਾਤਸ਼ਾਹ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮ ਦੇ ਮੰਚ 'ਤੇ ਸਿੱਖ ਨਸਲਕੁਸ਼ੀ ਅਤੇ ਬੇਅਦਬੀ ਘਟਨਾਵਾਂ ਦੇ ਜ਼ਿੰਮੇਵਾਰ ਬੈਠਣਗੇ ਜਾਂ ਨਹੀਂ? ਅਕਾਲੀ ਦਲ ਮਾਨ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਪ੍ਰਕਾਸ਼ ਪੁਰਬ ਮਨਾਉਣ ਵਾਲੀ ਸ਼੍ਰੋਮਣੀ ਕਮੇਟੀ ਆਪਣੀ ਮਿਆਦ ਪੁਗਾ ਚੁੱਕੀ ਹੈ। ਉਨ੍ਹਾਂ ਜੇਲ੍ਹਾਂ ਵਿੱਚ ਸਜ਼ਾ ਪੂਰੀ ਕਰ ਚੁੱਕੇ ਸਿੱਖਾਂ ਦੀ ਰਿਹਾਈ ਦੀ ਮੰਗ ਕਰਦਿਆਂ ਇਹ ਵੀ ਦੱਸਿਆ ਕਿ ਭਾਈ ਮੰਡ ਦੀ ਅਗਵਾਈ ਵਿੱਚ 12 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਸਮਾਗਮ ਕੀਤਾ ਜਾਵੇਗਾ।

## ਗਿੱਲ ਪਰਿਵਾਰ ਨੂੰ ਸਦਮਾ

### ਸ. ਗੁਰਦੇਵ ਸਿੰਘ ਗਿੱਲ ਦੇ ਪਿਤਾ ਸ. ਪ੍ਰੇਮ ਸਿੰਘ ਗਿੱਲ ਨਹੀਂ ਰਹੇ

ਭਾਈਚਾਰੇ 'ਚ ਜਾਣੀ ਪਹਿਚਾਣੀ ਸਖਸ਼ੀਅਤ ਸ. ਗੁਰਦੇਵ ਸਿੰਘ ਗਿੱਲ ਦੇ ਪਿਤਾ ਸ. ਪ੍ਰੇਮ ਸਿੰਘ ਗਿੱਲ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ। ਉਹ ਇਸ ਸਮੇਂ ਆਪਣੇ ਜੱਦੀ ਪਿੰਡ ਕਾਲੇਕੇ, ਜ਼ਿਲ੍ਹਾ ਮੋਗਾ ਵਿਖੇ ਰਹਿ ਰਹੇ ਸਨ। ਸ. ਪ੍ਰੇਮ ਸਿੰਘ ਗਿੱਲ 1981 ਤੋਂ ਲੈਕੇ 2010 ਤੱਕ ਇਥੇ ਹੀ ਸ. ਗੁਰਦੇਵ ਸਿੰਘ ਗਿੱਲ ਪਾਸ ਹੀ ਰਹੇ। ਇਸ ਤੋਂ ਬਾਅਦ ਉਹ ਪੱਕੇ ਤੌਰ 'ਤੇ ਆਪਣੇ ਜੱਦੀ ਪਿੰਡ ਕਾਲੇਕੇ ਜਾ ਵਸੇ ਸਨ। ਉਨ੍ਹਾਂ ਦੇ 4 ਸਪੁੱਤਰ ਜਿਨ੍ਹਾਂ 'ਚੋਂ 2 ਕੈਨੇਡਾ ਤੇ 2 ਪੰਜਾਬ 'ਚ ਰਹਿੰਦੇ ਹਨ। ਇਸੇ ਤਰ੍ਹਾਂ ਹੀ ਉਨ੍ਹਾਂ ਦੀਆਂ 2 ਸਪੁੱਤਰੀਆਂ ਜਿਨ੍ਹਾਂ 'ਚੋਂ ਇਕ ਕੈਨੇਡਾ ਅਤੇ ਇਕ ਪੰਜਾਬ ਰਹਿੰਦੀ ਹੈ। ਉਹ ਆਪਣੇ ਪਿੱਛੇ ਹਸਦਾ-ਵਸਦਾ ਪਰਿਵਾਰ ਛੱਡ ਗਏ ਹਨ। ਇਹ ਖਬਰ ਮਿਲਦਿਆਂ ਹੀ ਸ. ਗੁਰਦੇਵ ਸਿੰਘ ਗਿੱਲ ਪੰਜਾਬ ਲਈ ਰਵਾਨਾ ਹੋ ਗਏ ਹਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਜੀ ਦੀਆਂ ਅੰਤਿਮ ਰਸਮਾਂ ਤੇ ਸਸਕਾਰ ਉਨ੍ਹਾਂ ਦੇ ਪੰਜਾਬ ਜਾਣ ਤੋਂ ਬਾਅਦ ਹੀ ਪਿੰਡ 'ਚ ਹੀ ਕੀਤਾ ਜਾਵੇਗਾ। ਉਹ ਵਾਪਿਸ 3 ਤਾਰੀਕ ਨੂੰ ਪਰਤਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ. ਗੁਰਦੇਵ ਸਿੰਘ ਗਿੱਲ ਨਾਲ 416-357-1115 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮੁੰਨਾ ਝਿੰਗੜਾ ਨੂੰ ਭਾਰਤ ਦੇ ਵਿਰੋਧ ਮਗਰੋਂ ਵੀ ਥਾਈਲੈਂਡ ਨੇ ਪਾਕਿ ਦੇ ਹਵਾਲੇ ਕਰ ਦਿੱਤਾ

ਬੈਂਕਾਕ, 15 ਅਕਤੂਬਰ (ਪੋਸਟ ਬਿਊਰੋ)- ਮੁੰਬਈ ਹਮਲਿਆਂ ਦੇ ਲਈ ਜ਼ਿੰਮੇਵਾਰ ਮੰਨੇ ਜਾਂਦੇ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਦੇ ਖਾਸ ਗੁਰਗੇ ਮੁੰਨਾ ਝਿੰਗੜਾ ਉਰਫ ਮੁਹੰਮਦ ਸਲੀਮ ਨੂੰ ਥਾਈਲੈਂਡ ਨੇ ਪਾਕਿਸਤਾਨ ਦੇ ਹਵਾਲੇ ਕਰ ਦਿੱਤਾ ਹੈ। ਉਸ ਦੇ ਇਸ ਕਦਮ ਨਾਲ ਭਾਰਤ ਤੇ ਥਾਈਲੈਂਡ ਦੇ ਰਿਸ਼ਤਿਆਂ 'ਚ ਖਟਾਸ ਆ ਸਕਦੀ ਹੈ।

ਅਖਬਾਰ 'ਦ ਨੇਸ਼ਨ ਥਾਈਲੈਂਡ' ਦੇ 11 ਅਕਤੂਬਰ ਦੇ ਅੰਕ ਵਿੱਚ ਛਪੀ ਰਿਪੋਰਟ 'ਚ ਇਹ ਦਾਅਵਾ ਕੀਤਾ ਗਿਆ ਹੈ। ਅਸਲ 'ਚ ਪਿਛਲੇ ਦਿਨੀਂ ਬੈਂਕਾਕ ਦੀ ਇੱਕ ਅਦਾਲਤ ਨੇ ਝਿੰਗੜਾ ਨੂੰ ਪਾਕਿਸਤਾਨੀ ਨਾਗਰਿਕ ਐਲਾਨ ਕਰ ਦਿੱਤਾ ਸੀ। ਇਸ ਫੈਸਲੇ ਤੋਂ ਬਾਅਦ 9 ਅਕਤੂਬਰ ਨੂੰ ਦਾਊਦ ਦੇ ਖਾਸ ਗੁਰਗੇ ਨੂੰ ਪਾਕਿਸਤਾਨ ਹਵਾਲੇ ਕਰ ਦਿੱਤਾ ਗਿਆ। ਭਾਰਤ ਸਰਕਾਰ ਦੇ ਸੂਤਰਾਂ ਦੇ ਹਵਾਲੇ ਨਾਲ ਉਪਰੋਕਤ ਮੀਡੀਆ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਥਾਈਲੈਂਡ ਦੇ ਇਸ ਕਦਮ ਨਾਲ ਨਵੀਂ ਦਿੱਲੀ ਹੈਰਾਨ ਹੈ। ਇਸ ਬਾਰੇ ਭਾਰਤ, ਥਾਈਲੈਂਡ ਨਾਲ ਆਪਣੇ ਰਿਸ਼ਤਿਆਂ ਦੀ ਸਮੀਖਿਆ ਕਰ ਸਕਦਾ ਹੈ।

ਵਰਨਣ ਯੋਗ ਹੈ ਕਿ ਮੁੰਨਾ ਝਿੰਗੜਾ ਨੂੰ ਭਾਰਤ ਲਿਆਉਣ ਦੀਆਂ ਕੋਸ਼ਿਸ਼ਾਂ ਨਵੰਬਰ 2016 'ਚ ਉਸ ਸਮੇਂ ਤੇਜ਼ ਹੋ ਗਈਆਂ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੈਂਕਾਕ ਗਏ ਸਨ। ਥਾਈ ਅਖਬਾਰ ਨੇ ਸੂਤਰਾਂ ਦੇ ਹਵਾਲੇ ਨਾਲ ਦਾਅਵਾ ਕੀਤਾ ਹੈ ਕਿ ਝਿੰਗੜਾ ਦੀ ਹਵਾਲਗੀ ਲਈ ਭਾਰਤ ਸਰਕਾਰ ਪਿਛਲੇ ਤਿੰਨ ਸਾਲ ਤੋਂ ਯਤਨਸ਼ੀਲ ਸੀ। ਇਸ ਬਾਰੇ ਬੈਂਕਾਕ ਦੀ ਅਦਾਲਤ 'ਚ ਬਕਾਇਦਾ ਦਲੀਲ ਦਿੱਤੀ ਗਈ ਕਿ ਝਿੰਗੜਾ ਭਾਰਤੀ ਨਾਗਰਿਕ ਹੈ। ਉਸ ਨੂੰ ਸਈਦ ਮੁਜ਼ੱਕਿਰ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਭਾਰਤੀ ਅਧਿਕਾਰੀਆਂ ਨੇ ਇਸ ਗੱਲ ਦੀ ਪੁਸ਼ਟੀ ਲਈ ਝਿੰਗੜਾ ਦੇ ਮਾਤਾ-ਪਿਤਾ ਨੂੰ ਜਹਾਜ਼ ਰਾਹੀਂ ਬੈਂਕਾਕ ਲਿਆਉਣ ਦੀ ਪੇਸ਼ਕਸ਼ ਵੀ ਕੀਤੀ, ਤਾਂ ਕਿ ਉਨ੍ਹਾਂ ਦਾ ਡੀ ਐਨ ਏ ਟੈਸਟ ਕਰਕੇ ਥਾਈ ਅਧਿਕਾਰੀਆਂ ਨੂੰ ਯਕੀਨ ਹੋ ਸਕੇ ਕਿ ਉਹ ਭਾਰਤੀ ਨਾਗਰਿਕ ਹੈ, ਪਰ ਭਾਰਤ ਦੀ ਇਸ ਦਲੀਲ ਨੂੰ ਨਹੀਂ ਮੰਨਿਆ ਗਿਆ।

## NDP leader flip-flops



October15: Jagmeet and the NDP keep talking about building a hospital in Brampton. Its time to put a stop to the confusion that is being created by Jagmeet and the NDP on building a new hospital in Brampton.

Jagmeet has mentioned that he would make the funds available for a new hospital in Brampton. But, he leaves it to the Conservative government in Ontario to decide on the timeline.

That means that he will not hold the Ontario Conservative government ACCOUNTABLE for the taxes YOU pay for the new hospital. Jagmeet is making dishonest promises while not being in Government and taking Bramptonians on a ride.He is already promised more of the same lack of accountability that the Liberals and Conservatives have shown, in recent years. They are showing Brampton residents and Canadians these fake promises, daily Liberals, Conservatives and NDP are all going to continue the same policies that will NOT hold Provincial governments accountable. It is the same Liberals, Conservatives and NDP that are not holding themselves accountable and are not in this for Canadians.

It's now time for a fresh approach to this great country. I am the candidate in Brampton Centre for THE People's Party of Canada.I believe strongly in Fairness, Respect, Freedom and Responsibility.

For more information:
BaljitBawa campaign office
Email: elect@baljitbawa.ca
Telephone: 416-846-0295
Website: Electbawa.ca

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

























# ਇਲੈਕਸ਼ਨ 2019...ਇਹ ਫਿਰ ਤੋਂ 2015 ਹੈ ਜਾਂ 2004 ਹੈ ?

ਅਮਨਪ੍ਰੀਤ (ਜਸਪਾਲ) ਸਿੰਘ ਬੱਲ
647-990-1795
asinghbal@gmail.com

2015 ਅਕਤੂਬਰ ਦੀ ਇਲੈਕਸ਼ਨ ਤੋਂ ਫੌਰਨ ਬਾਅਦ ਮੈਂ ਆਪਣੇ ਵਿਚਾਰਾਂ ਦੀ ਲੜੀ ਨੂੰ ਫੇਸਬੁੱਕ ਅਤੇ ਪੰਜਾਬ ਸਟਾਰ ਹਫਤਾਵਾਰੀ ਅਖਬਾਰਾਂ ਦੇ ਜ਼ਰੀਏ ਦੁਬਾਰਾ ਸ਼ੁਰੂ ਕਰਦੇ ਹੋਏ ਸਭ ਤੋਂ ਪਹਿਲੀ ਕਿਸ਼ਤ ਵਿਚ ਇਸ ਗੱਲ ਉਪਰ ਜੋਰ ਦਿੱਤਾ ਸੀ ਕਿ ਸਾਡੇ ਚੁਣੇ ਹੋਏ ਨੁੰਮਾਇਦਿਆਂ ਨੂੰ ਅਤੇ ਭਾਈਚਾਰੇ ਨੂੰ ਰਲ-ਮਿਲ ਕੇ ਚਲੱਦੇ ਆ ਰਹੇ ਸਰਟੀਫਿਕੇਟ ਵੰਡਣ/ਰਵਾਇਤੀ ਭੋਗਾਂ-ਵਿਆਹਾਂ ਆਦਿ ਵਿਖੇ ਆ ਕੇ ਐਮ ਪੀ ਹੋਣ ਦੀ ਖਾਨਾਪੂਰਤੀ ਦੀ ਆਸ ਛੱਡ ਕੇ ਇਨ੍ਹਾਂ ਨੂੰ ਠੋਸ ਮੁੱਦਿਆਂ ਉਪਰ ਧਿਆਨ ਦੇਣ ਲਈ ਕਿਹਾ ਜਾਵੇ ਅਤੇ ਇਹ ਵੀ ਕਿਹਾ ਸੀ ਕਿ ਅਜਿਹਾ ਕਰਕੇ ਅਸੀਂ ਇਨ੍ਹਾਂ ਐਮ ਪੀ ਨੂੰ ਆਪਣੇ ਨਿੱਜੀ ਪ੍ਰੀਵਾਰਾਂ ਨਾਲ ਸਮਾਂ ਬਿਤਾਉਣ ਦਾ ਮੌਕਾ ਦੇਣ ਵਿਚ ਸਹਾਈ ਹੋਵਾਂਗੇ ਜੋ ਕਿ ਮੇਰੀ ਸੋਚ ਅਨੁਸਾਰ ਵਰਕ-ਲਾਈਫ ਬੈਲੰਸ ਲਈ ਬਹੁਤ ਜ਼ਰੂਰੀ ਹੈ। ਜਿਸ ਤਰ੍ਹਾਂ ਜਦੋਂ ਕਿਸੇ ਨੂੰ ਉਮੀਦ ਤੋਂ ਵੱਧ ਸ਼ਕਤੀ ਜਾਂ ਦੁਨਿਆਵੀ ਧੰਨ-ਦੌਲਤ ਜਾਂ ਸ਼ੌਹਰਤ ਪ੍ਰਾਪਤ ਹੋ ਜਾਂਦੀ ਹੈ ਤਾਂਫਿਰ ਉਸ ਵਿਚ ਗ਼ਰੂਰ ਆ ਜਾਂਦਾ ਹੈ ਜੋ ਕਿ ਉਸ ਵਿਅਕਤੀ ਜਾਂ ਸੰਸਥਾਂ ਆਦਿ ਨੂੰ ਜ਼ਮੀਨੀ ਪੱਧਰ, ਯਾਨਿ ਲੋਕਾਂ ਤੋਂ ਦੂਰ ਕਰ ਦਿੰਦਾ ਹੈ, ਅਨੇਕਾਂ ਰਾਜਸੀ ਪਾਰਟੀਆਂ ਅਤੇ ਮੁਲਕਾਂ ਦੇ ਇਤਿਹਾਸ ਵਿਚ ਵੀ ਇਹੀਓ ਨਜ਼ਰ ਆਂਉਦਾ ਹੈ ਕਿ ਅਕਸਰ ਜਦੋਂ ਬਹੁਗਿਣਤੀ ਸਰਕਾਰ ਬਣ ਜਾਂਦੀ ਹੈ ਤਾਂ ਰਾਜ਼ਸੀ ਪਾਰਟੀਆਂ ਦੇ ਨੁੰਮਾਇਦੇ ਜਾਂ ਉਨ੍ਹਾਂ ਰਾਜ਼ਨੀਤਕਾਂ ਦੇ ਆਲੇ-ਦੁਆਲੇ ਝੁਰਮਟ ਪਾਈ ਖਲੋਤੇ ਮਰਾਸੀਨੁਮਾਂ ਲੋਕ ਇਨ੍ਹਾਂ ਰਾਜਨੀਤਕਾਂ ਨੂੰ ਆਮ ਲੋਕਾਂ ਤੋਂ ਦੂਰ ਕਰਦੇ ਹੋਏ ਦੋਵੇਂ ਧਿਰਾਂ ਇਕ ਵੱਖਰੇ ਹੀ ਜ਼ਹਾਨ ਵਿਚ ਪਹੁੰਚ ਜਾਦੀਆ ਹਨ। ਉਸ ਵਕਤ ਮੈਨੂੰ ਇਹ ਖਦਸ਼ਾ ਸੀ ਕਿ ਜੇਕਰ ਅਕਤੂਬਰ 2015 ਵਿਚ ਚੁਣੀ ਗਈ ਬਹੁਗਿਣਤੀ ਜਸਟਿਨ ਟਰੂਡੋ ਦੀ ਅਗਵਾਈ ਹੇਠਲੀ ਲਿਬਰਲ ਪਾਰਟੀ ਸਰਕਾਰ, ਜਿਸ ਤੋਂ ਕਿ ਬਹੁਗਿਣਤੀ ਕੈਨੇਡੀਅਨ ਦੇ ਨਾਲ ਮੈਨੂੰ ਵੀ ਬਹੁਤ ਉਮੀਦਾਂ ਸਨ, ਜੇਕਰ ਹੰਕਾਰ ਵਿਚ ਆ ਗਈ ਤਾਂ ਇਸ ਦੇ ਸਿੱਟੇ ਪਰੌਗਰੈਸਿਵ, ਯਾਨਿ ਕਿ ਪ੍ਰਗਤੀਸ਼ੀਲ ਲੋਕਾਂ ਦੇ ਮਨੋਬਲ ਅਤੇ ਆਸਾਂ/ਉਮੀਦਾਂ ਨੂੰ ਸੱਟ ਪਹੁੰਚਾਉਣਗੇ। ਮੈਂ ਉਸ ਤੋਂ ਬਾਅਦ ਪੰਜਾਬੀ ਰੇਡੀਓ/ਟੈਲੀਵਿਯਨ/ਅਖਬਾਰਾਂ/ਸੋਸ਼ਲ ਮੀਡੀਏ ਜ਼ਰੀਏ ਪਾਰਲੀਮੈਂਟਰੀ ਢੰਗ-ਤਰੀਕੇਆਂ ਅਤੇ ਇਤਿਹਾਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਨੇਕਾਂ ਵਾਰ ਕਿਹਾ ਸੀ ਕਿ ਜਸਟਿਨ ਟਰੂਡੋ ਵਲੋਂ ਸਿਰਫ "ਸੰਨੀ ਵੇਅ...ਸੰਨੀ ਵੇਅ " ਕਹਿਣ ਨਾਲ ਕੁਝ ਨਹੀਂ ਪ੍ਰਾਪਤ ਹੋਣਾ ਅਤੇ ਜੇਕਰ ਠੋਸ ਅਤੇ ਨੇਕ-ਨੀਅਤ ਨਾਲ ਕੰਮ ਨਾਂ ਕੀਤਾ ਗਿਆ ਤਾਂ ਇਹ ਜਸਟਿਨ ਟਰੂਡੋ ਸਰਕਾਰ ਵੀ 1993 ਸਮੇਂ ਵਾਲੇ ਜਾਨ ਕਰੈਚੀਅਨ ਜਾਂ 2011 ਦੇ ਸਮੇਂ ਵਾਲੀ ਹਾਰਪਰ ਸਰਕਾਰ ਦੀ ਤਰ੍ਹਾਂ ਹੀ ਹੋ ਜਾਵੇਗੀ। ਇਸ ਮੌਜੂਦਾ ਇਲੈਕਸ਼ਨ ਕੈਮਪੇਨ ਜਾਂ ਇਸ ਤੋਂ ਪਹਿਲਾਂ ਕਿਸ ਤਰੀਕੇਆਂ ਨਾਲ ਜਸਟਿਨ ਟਰੂਡੋ ਸਰਕਾਰ ਜਾਂ ਇਸ ਦੇ ਮੰਤਰੀ ਅਤੇ ਐਮ ਪੀ ਆਮ ਕੈਨੇਡੀਅਨ ਲੋਕਾਂ ਤੋਂ ਇਲਾਵਾ ਸਾਡੇ ਆਪਣੇ ਕੈਨੇਡੀਅਨ ਸਿੱਖ/ਪੰਜਾਬੀ ਭਾਈਚਾਰੇ ਦੇ ਨਾਲ ਵਿਚਰੇ ਹਨ, ਇਹ ਸਭ ਦੇ ਸਾਹਮਣੇ ਹੈ ਜਿਸ ਸਦਕਾ ਇਲੈਕਸ਼ਨ 2019 ਦੇ ਆਖਰੀ ਹਫਤੇ ਦੌਰਾਨ ਇੰਨ੍ਹਾਂ ਦੇ ਖੇਮਿਆਂ ਵਿਚ ਹਫੜਾ-ਦਫੜੀ ਮਚੀ ਪਈ ਹੈ ਅਤੇ ਜਸਟਿਨ ਟਰੂਡੋ ਸਮੇਤ ਅਨੇਕਾਂ ਉਚ-ਕੋਟੀ ਦੇ ਲਿਬਰਲ ਨੀਤੀ-ਘਾੜੇ ਅਤੇ ਉਮੀਦਵਾਰਾਂ ਸਮੇਤ ਲਿਬਰਲ ਪਾਰਟੀ ਦੇ ਹਮਾਇਤੀ ਇਹ ਹਾੜੇ ਕੱਢ ਰਹੇ ਅਤੇ ਵੋਟਰਾਂ ਨੂੰ ਡਰਾਵਾ ਦੇ ਰਹੇ ਹਨ ਕਿ ਜੇਕਰ ਪਰੌਗਰੈਸਿਵ ਵਿਚਾਰਧਾਰ ਰੱਖਣ ਵਾਲੇ ਵੋਟਰਾਂ ਨੇ ਆਪਣੀ ਵੋਟ ਐਨ ਡੀ ਪੀ ਜਾਂ ਗਰੀਨ ਪਾਰਟੀ ਦੇ ਹੱਕ ਵਿਚ ਭੁਗਤਾ ਦਿੱਤੀ ਤਾਂ ਫਿਰ ਐਂਡਰੀਓ ਸ਼ੀਅਰ ਵਾਲੀ ਪੀ ਸੀ ਪਾਰਟੀ ਦੀ ਸਰਕਾਰ ਬਣ ਸਕਦੀ ਹੈ। ਇਹ ਮਿੰਨਤਾ ਕਰਨ ਵਾਲੇ ਇਤਿਹਾਸ ਨੂੰ ਦੁਹਰਾਉਣ ਵਾਲਾ ਕੈਨੇਡੀਅਨ ਸਿਆਸਤ ਦਾ ਇਹ ਉਹੀਓ ਬ੍ਰਹਮ-ਅਸਤਰ ਹੈ ਜੋ ਕਿ 2004 ਦੀ ਇਲਕੈਸ਼ਨ ਦੌਰਾਨ ਲਿਬਰਲ ਆਗੂ ਪਾਲ ਮਾਰਟਿਨ ਨੇ ਵਰਤਿਆ ਸੀ ਜਦੋਂ ਕੈਨੇਡੀਅਨ ਲੋਕਾਂ ਦੇ ਮਨਾਂ ਵਿਚ ਕਰੈਚੀਅਨ ਸਰਕਾਰ ਵੇਲੇ ਕਿਊਬੈਕ ਵਿਚ ਹੋਈ ਸਪੌਂਸਰਸ਼ਿੱਪ ਸਕੈਂਡਲ ਵਜੋਂ ਜਾਣੀ ਜਾਂਦੀ ਧਾਂਦਲੀ ਸਦਕਾ ਲਿਬਰਲ

# ਟਰੂਡੋ ਸਰਕਾਰ ਆਪਣੇ ਆਪ ਨੂੰ ਹਾਰਪਰ ਦੀ ਵਿਰਾਸਤ ਤੋਂ ਦੂਰ ਕਰਨ ਤੋਂ ਬਹੁਤ ਦੂਰ

## ਅਮਲੀ ਰੂਪ ਵਿਚ ਟਰੂਡੋ ਸਰਕਾਰ ਨੇ 2015 ਤੋਂ ਬਹੁਤ ਸਾਰੇ ਤਰੀਕਿਆਂ ਨਾਲ ਹਾਰਪਰ ਦੀ ਵਿਰਾਸਤ ਨੂੰ ਜਾਰੀ ਰੱਖਿਆ ਹੈ ਅਤੇ ਇਸ ਨੂੰ ਮਜ਼ਬੂਤ ਕੀਤਾ ਹੈ ਜਿਸ ਸਦਕਾ 2019 ਦੀ ਇਲੈਕਸ਼ਨ ਵਿਚ ਕਾਂਟੇ ਦੀ ਫਸਵੀ ਟੱਕਰ ਬਣ ਚੁੱਕੀ ਹੈ।

ਪਾਰਟੀ ਪ੍ਰਤੀ ਗੁੱਸਾ ਸੀ (ਯਾਦ ਕਰੋ ਗੌਮਰੀ ਕਮਿਸ਼ਨ) ਜਾਂ ਫਿਰ ਸਟੀਫਨ ਹਾਰਪਰ ਵਲੋਂ 2011 ਵਿਚ ਆਪਣੀ ਘੱਟ-ਗਿਣਤੀ ਸਰਕਾਰ ਨੂੰ ਬਹੁ-ਗਿਣਤੀ ਵਿਚ ਤਬਦੀਲ ਕਰਨ ਲਈ " ਸੋਫਟ ਲਿਬਰਲ ਵੋਟ ਬੈਂਕ " ਨੂੰ ਇਹ ਕਹਿੰਦੇ ਹੋਏ ਵਰਤਿਆ ਸੀ ਕਿ ਜੇਕਰ ਉਨ੍ਹਾਂ ਨੇ ਆਪਣੀ ਵੋਟ ਨੂੰ ਪਾ ਕੇ ਪੀ ਸੀ ਪਾਰਟੀ ਨੂੰ ਬਹੁ-ਗਿਣਤੀ ਨਹੀਂ ਦਿੱਤੀ ਤਾਂ ਦਸੰਬਰ 2008 ਵਿਚ ਲਿਬਰਲ ਪਾਰਟੀ/ਐਨ ਡੀ ਪੀ/ਬਲੌਕ ਕਿਊਬੈਕ ਵਲੋਂ ਆਪਸੀ ਰਲੇਂਵੇ ਅਧੀਨ ਮਿਲਗੋਭਾ ਸਰਕਾਰ ਬਣਾਉਣ ਦੀ ਕੀਤੀ ਅਸਫਲ ਕੋਸ਼ਿਸ਼ ਦੀ ਤਰ੍ਹਾਂ ਇਹ ਤਿੰਨੋ ਪਾਰਟੀਆਂ ਮੁਲਕ ਦੇ ਪ੍ਰਬੰਧਕੀ ਢਾਚੇ ਉਪਰ ਬੈਠ ਜਾਣਗੀਆਂ ਜਿਸ ਸਦਕਾ ਮੁਲਕ ਬੁਰੇ ਸਮੇਂ ਵੱਲ ਵੱਧ ਸਕਦਾ ਹੈ।

ਅਜੋਕੇ ਸਮੇ ਦੌਰਾਨ ਰਾਜਨੀਤੀ ਵੀ " ਮਾਰਕਿੰਟਗ ਬ੍ਰਾਡਿੰਗ " ਦੇ ਅਸਰ ਅਧੀਨ ਆ ਚੁੱਕੀ ਹੈ ਅਤੇ ਰਾਜਨੀਤਕ ਆਗੂ, ਲੋਕ-ਸੇਵਾ ਦੇ ਮੁਲੰਮੇ ਅਧੀਨ ਵਿਚਰਦੇ ਹੋਏ ਬ੍ਰਾਡਿੰਗ ਨੂੰ ਸਥਾਪਿਤ ਕਰਨ ਜਾਂ ਇਸ ਨੂੰ ਬਰਕਰਾਰ ਰੱਖਣ ਲਈ ਮਾਰਕਿੰਟਗ ਵਿਚ ਮੁਹਾਰਤ ਰੱਖਣ ਵਾਲੇ ਮਾਹਿਰਾਂ ਤੋਂ ਪੁੱਛੇ ਬਗੈਰ ਆਪਣੀ ਕਮੀਜ਼/ਪੈਂਟ ਦਾ ਰੰਗ ਜਾਂ ਡੀਜ਼ਾਈਨ ਵੀ ਮਰਜ਼ੀ ਨਾਲ ਨਹੀਂ ਪਾ ਸਕਦੇ। ਬਹੁਤਾਤ ਵਿਚ ਲਿਬਰਲ ਅਤੇ ਪੀ ਸੀ ਪਾਰਟੀ ਵਿਚ ਵਿਚਾਰਧਾਰਕ ਇਕਜੁਟਤਾ ਹੈ ਕਿਉਂਕਿ ਇਨ੍ਹਾਂ ਨੂੰ ਪਤਾ ਹੈ ਕਿ ਕੈਨੇਡੀਅਨ ਲੋਕਾਂ ਦਾ ਇਕ ਵੱਡਾ ਹਿੱਸਾ " ਮਿਡਲ ਆਫ ਦਾ ਰੋਡ " ਯਾਨਿ ਅੱਧ-ਵਿਚਾਲੇ ਵਾਲੀ ਸੋਚ ਰੱਖਦਾ ਹੈ। ਵੋਟ ਬੈਂਕ ਦਾ ਤਕਰੀਬਨ 20% ਖੱਬੇ-ਪੱਖੀ ਅਤੇ 20% ਦੇ ਕਰੀਬ ਸੱਜੇ-ਪੱਖੀ ਸੋਚ ਰੱਖਦਾ ਹੈ ਜਦੋਂ ਕਿ ਵਿਚਕ-ਾਰ ਵਾਲਾ 15-20% ਵਿਚ-ਵਿਚਾਲੇ ਘੁੰਮਦਾ ਰਹਿੰਦਾ ਹੈ। ਇਹ ਇਹੀਓ ਵਿਚਕਾਰ ਵਾਲਾ 15-20% ਹੈ ਜੋ ਕਿ ਭਾਵਨਾਵਾਂ ਦੇ ਵੇਗ ਵਿਚ ਜਾਂ ਮਾਰਕਿੰਟਗ ਬਰਾਡਿੰਗ ਤੋਂ ਪ੍ਰਭਾਵਿਤ ਹੋ ਕੇ ਕਦੀ ਲਿਬਰਲ ਵੱਲ ਅਤੇ ਕਦੀ ਪੀ ਸੀ ਵੱਲ ਹੋ ਜਾਂਦਾ ਹੈ। ਲਿਬਰਲ ਪਾਰਟੀ ਵਾਲੇ ਅਕਸਰ ਜਦੋਂ ਉਨ੍ਹਾਂ ਨੂੰ ਕੁਰਸੀ ਖੁੱਸਦੀ ਨਜ਼ਰ ਆਂਉਦੀ ਹੈ ਤਾਂ ਉਹ ਪ੍ਰੌਗਰੈਸਿਵ ਵੋਟ ਨੂੰ ਐਨ ਡੀ ਪੀ ਦੇ ਖੇਮੇ ਵਿਚੋਂ ਆਪਣੇ ਵੱਲ ਲਿਆਉਣ ਲਈ ਹਾੜੇ ਕੱਢਦੇ ਹਨ। ਲਿਬਰਲ ਪਾਰਟੀ ਅਤੇ ਪੀ ਸੀ ਪਾਰਟੀ ਵਿਚਕਾਰ ਪੁਲੀਟੀਕਲ ਸਪੈਕਟਰਮ, ਯਾਨੀ ਰਾਜਨੀਤਕ ਵਿਚਾਰਧਾਰਾਵਿਚ ਬਹੁਤ ਸਮਾਨਤਾ ਹੈ। ਇਸ ਤਰ੍ਹਾਂ ਪੁਲੀਟੀਕਲ ਸਪੈਕਟਰਮ ਦੇ ਦੂਸਰੇ ਪਾਸੇ ਵਾਲੀ ਪਾਰਟੀਆਂ, ਗਰੀਨ ਪਾਰਟੀ ਅਤੇ ਐਨ ਡੀ ਪੀ ਦੇ ਦੇ ਅਸਲ ਮਨੋਰਥ ਵਿਚ ਬਹੁਤ ਘੱਟ ਫਰਕ ਹੈ। ਜੋ ਫਰਕ ਇਨ੍ਹਾਂ ਸਾਰੀਆਂ ਪਾਰਟੀਆਂ ਨੂੰ ਇਨ੍ਹਾਂ ਤੋਂ ਇੱਕ-ਦੂਸਰੇ ਤੋਂ ਵੱਖ ਕਰਦਾ ਹੈ, ਉਹ ਇਨ੍ਹਾਂ ਪਾਰਟੀਆਂ ਦੇ ਆਗੂਆਂ ਵਲੋਂ ਉਨ੍ਹਾਂ ਨਿਸ਼ਾਨੇਆਂ ਉਪਰ ਪਹੁੰਚਣ ਦੀ ਰਫਤਾਰ ਜਾਂ ਢੰਗ-ਤਰੀਕੇ ਅਪਨਾਉਣ ਸਬੰਧੀ ਹੁੰਦਾ ਹੈ। ਪਾਰਟੀ ਆਗੂ ਦੀ ਲੋਕਾਂ ਵਿਚ ਖਿੱਚ/ਮਕੂਬਲੀਅਤ ਜਾਂ ਆਗੂ ਵਲੋਂ ਆਪਣੇ ਆਪ ਨੂੰ ਲੋਕਾਂ ਵਿਚ ਇੰਝ ਸਥਾਪਿਤ ਕਰਨ ਦੀ ਸਮਰੱਥਾ ਕਿ ਲੋਕ ਉਸ ਵਿਚੋਂ ਆਪਣੀ ਝਲਕ, ਯਾਨਿ ਤੁਹਾਡੇ ਵਰਗਾ ਆਮ ਸਧਾਰਨ ਵਿਅਕਤੀ ਨਜ਼ਰ ਆਵੇ, ਇਸ ਮਕਸਦ ਲਈ ਕਦੀ ਪ੍ਰਕਾਸ਼ ਸਿੰਘ ਬਾਦਲ ਦੀ ਤਰ੍ਹਾਂ ਆਪਣੀ ਦਸਤਾਰ ਨੂੰ ਢਿੱਭੜ ਜਿਹੀ ਸ਼ਕਲ ਦੇ ਕੇ ਜਾਂ ਹਾਰਪਰ/ਟਰੂਡੋ ਦੀ ਤਰ੍ਹਾਂ ਕਮੀਜ਼ ਦੀਆਂ ਬਾਹਾਂ ਉਪਰ ਨੂੰ ਟੰਗਣ ਦਾ ਪ੍ਰਚੰਡ ਜਾਂ ਗੱਲਬਾਤ ਦਾ ਢੰਗ ਅਪਣਾਇਆ ਜਾਂਦਾ ਹੈ। ਕੈਨੇਡੀਅਨ ਸਿਆਸਤ ਵਿਚ ਜਾਨ ਕਰੈਚੀਅਨ ਆਮ ਲੋਕਾਂ ਨੂੰ ਇਹ ਪ੍ਰਭਾਵ ਦੇਣ ਵਿਚ ਕਿ ਉਹ ਇਕ ਛੋਟੇ ਜਿਹੇ ਇਲਾਕੇ ਤੋਂ ਗਰੀਬ ਪ੍ਰੀਵਾਰ ਨਾਲ ਸਬੰਧਤ ਹੋਣ ਸਦਕਾ ਆਮ ਕੈਨੇਡੀਅਨ ਦੀਆਂ ਭਾਵਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਪੈਰਵਾਈ ਕਰਨ ਦਾ ਛਾਪ ਵੋਟਰਾਂ ਦੇ ਮਨਾਂ ਵਿਚ ਸਥਾਪਿਤ ਕਰਨ ਦੀ ਮੁਹ-ਾਰਤ ਰੱਖਦਾ ਸੀ।

ਹੁਣ ਜਦੋਂ ਕਿ 2019 ਦੀ ਇਲੈਕਸ਼ਨ ਵਿਚ ਸਿਰਫ ਕੁਝ ਦਿਨ ਹੀ ਰਹਿ ਗਏ ਹਨ ਅਤੇ ਜਸਟਿਨ ਟਰੂਡੋ ਦੀ ਅਗਵਾਈ ਹੇਠਲੀ ਲਿਬਰਲ ਪਾਰਟੀ ਅਤੇ ਇਸ ਦੇ ਸਮਰੱਥਕਾਂ ਵਲੋਂ ਇਹ ਵਾਸਤੇ ਪਾਏ ਜਾ ਰਹੇ ਹਨ ਕਿ ਜੇਕਰ ਪ੍ਰੋਗਰੈਸਿਵ ਵੋਟਰਾਂ ਨੇ ਆਪਣੀ ਵੋਟ ਨੂੰ ਸੂਝ-ਬੂਝ ਨਾਲ ਨਾਂ ਪਾਇਆ ਤਾਂ ਹਾਰਪਰ ਵਾਲੀਆਂ ਨੀਤੀਆਂ ਮੁੜ-ਦੁਬਾਰਾ ਕੈਨੇਡਾ ਵਿਚ ਭਾਰੂ ਹੋ ਜਾਣਗੀਆਂ ਤਾਂ ਸਾਨੂੰ ਇਹ ਪੜਚੋਲ ਕਰਨੀ ਚਾਹੀਦੀ ਹੈ ਕਿ ਜਸਟਿਨ ਟਰੂਡੋ ਸਰਕਾਰ ਜਾਂ ਇਸ ਦੇ ਮੰਤਰੀਆਂ/ਐਮ ਪੀ ਦੀ ਪਿਛਲੇ 4 ਸਾਲ ਦੇ ਅਰਸੇ ਦੌਰਾਨ ਹਾਰਪਰ ਸਰਕਾਰ ਦੀਆਂ ਪਾਲਸੀਆਂ ਨਾਲ ਕੀ ਅਤੇ ਕਿਸ ਪੱਧਰ ਦੀ ਸਮਾਨਤਾ ਰਹੀ ਹੈ। ਜਾਨ ਕਰੈਚੀਅਨ ਵਲੋਂ ਬਰਾਇਨ ਮੂਲਰੌਨੀ ਦੀ ਪੀ ਸੀ ਪਾਰਟੀ ਪ੍ਰਤੀ ਲੋਕਾਂ ਦੇ ਮਨਾਂ ਵਿਚ ਭਰੇ ਗੁੱਸੇ ਨੂੰ ਆਪਣੀ ਪਾਰਟੀ ਦੇ ਪੱਖ ਵਿਚ ਖਿੱਚਣ ਲਈ " ਵਿਵੇ ਲਾ ਕੈਨੇਡਾ " ਯਾਨਿ ਲੌਂਗ ਲਿਵ ਕੈਨੇਡਾ, ਯਾਨਿ ਕੈਨੇਡਾ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੇ ਦਾ ਨਾਅਰਾ ਮਾਰਦੇ ਹੋਏ ਇਹ ਪ੍ਰਭਾਵ ਦਿੱਤਾ ਸੀ ਕਿ ਭਵਿੱਖ ਚੰਗੇਰਾ ਹੋਵੇਗਾ ਅਤੇ ਪਰੌਗਰੈਸਿਵ ਵਿਚਾਰਧਾਰਾ ਵਾਲੇ ਲੋਕਾਂ ਲਈ ਲੋਕ-ਹਿੱਤੂ ਨੀਤੀਆਂ ਅਪਣਾਈਆਂ ਜਾਣਗੀਆਂ। ਪਰ ਜੇਕਰ ਜਾਨ ਕਰੈਚੀਅਨ ਦੀ ਸਰਕਾਰ ਦੇ ਕੰਮ-ਕਾਜ਼ ਨੂੰ ਵਿਚਾਰੇਆ ਜਾਵੇ ਤਾਂ ਉਸ ਨੇ ਬਰਾਇਨ ਮੂਲਰੌਨੀ ਵਲੋਂ ਲਾਗੂ ਕੀਤੀਆਂ ਅਨੇਕਾਂ ਪਾਲਸੀਆਂ ਨੂੰ , ਜਿਨ੍ਹਾਂ ਦੀ ਕਿ ਉਹ ਵਿਰੋਧੀ ਬੈਂਚਾਂ ਉਪਰ ਬੈਠੇ ਵਕਤ ਨਿਖੇਧੀ ਕਰਦਾ ਹੁੰਦਾ ਸੀ, ਉਸੇ ਹੀ ਤਰ੍ਹਾਂ ਬਰਕਰਾਰ ਰੱਖਿਆ। ਇਸੇ ਤਰ੍ਹਾਂ ਹੀ ਜਸਟਿਨ ਟਰੂਡੋ ਸਰਕਾਰ ਨੇ ਆਪਣੇ ਆਪ ਨੂੰ ਹਾਰਪਰ ਸਰਕਾਰ ਦੀਆਂ ਨੀਤੀਆਂ ਤੋਂ ਤੋੜ-ਵਿਛੋੜਾ ਕਰਨ ਦੀ ਬਜਾਏ ਅਨੇਕਾਂ ਮੁੱਦਿਆਂ ਪ੍ਰਤੀ ਉਸ ਵਰਗੇ ਹੀ ਢੰਗ ਤਰੀਕੇ ਅਤੇ ਸੋਚ ਨੂੰ ਅਪਣਾਇਆ।

ਕੌਰਪਰੇਟ ਵਰਲਡ ਦੇ ਵੱਡੇ ਮਗਰਮੱਛ ਅਤੇ ਉਨ੍ਹਾਂ ਵਲੋਂ ਕੀਤੀ ਜਾ ਰਹੀ ਲਾਬਿੰਗ ਦੇ ਅਸਰ ਸਦਕਾ ਹਮੇਸ਼ਾਂ ਇਹ ਪ੍ਰਭਾਵ ਦਿੱਤਾ ਜਾਂਦਾ ਹੈ ਕਿ ਲੋਕ-ਪੱਖੀ ਨੀਤੀਆਂ ਨੂੰ ਅਪਣਾਉਣਾ ਦੇਸ਼ ਦੇ ਆਰਥਿਕ ਹਾਲਾਤਾਂ ਅਤੇ ਭਵਿੱਖ ਲਈ ਖਤਰਨਾਕ ਹਨ ਅਤੇ ਇਸ ਨਾਲ ਸਮਾਜਿਕ ਢਾਂਚਾ ਲੜਖੜਾ ਸਕਦਾ ਹੈ। 1960ਵਿਆਂ ਵਿਚ ਜਦੋਂ ਐਨ ਡੀ ਪੀ ਦੇ ਟੌਮੀ ਡਗਲਸ ਦੀ ਦੂਰ-ਅੰਦੇਸ਼ੀ ਸਦਕਾ ਸਸਕਾਚਵਾਨ ਸੂਬੇ ਵਿਚ ਪਬਲਿਕ ਹੈਲਥ ਕੇਅਰ ਆਪਣੀ ਹੋਂਦ ਸਥਾਪਿਤ ਕਰਨ ਲਈ ਕੋਸ਼ਿਸ਼ਾਂ ਕਰ ਰਿਹਾ ਸੀ ਤਾਂ 1960 ਦੀ ਸੂਬਾਈ ਇਲੈਕਸ਼ਨ ਦੌਰਾਨ ਡਾਕਟਰਾਂ ਅਤੇ ਇਨ੍ਹਾਂ ਨਾਲ ਸਬੰਧਤ ਜਥੇਬੰਦੀਆਂ ਨੇ 1 ਲੱਖ ਡਾਲਰ ਜੋ ਕਿ ਉਸ ਇਲੈਕਸ਼ਨ ਦੌਰਾਨ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਵਲੋਂ ਆਪਣੇ ਪ੍ਰਚਾਰ ਲਈ ਖਰਚੀ ਜਾਣ ਵਾਲੀ ਰਕਮ ਤੋਂ ਵੱਧ ਸੀ, ਉਸ ਇਲੈਕਸ਼ਨ ਵਿਚ ਟੌਮੀ ਡਗਲਸ ਦੀ ਵਿਰੋਧਤਾ ਕਰਨ ਲਈ ਵਰਤਿਆ ਸੀ। ਇਸ ਰਕਮ ਦੇ ਜ਼ਰੀਏ ਸਸਕਾਚਵਾਨ ਦੇ ਹਰ ਘਰ ਵਿਚ ਫਲਾਇਰ ਭੇਜਣ ਤੋਂ ਇਲਾਵਾ ਰੇਡੀਓ/ਟੀ ਵੀ ਆਦਿ ਉਪਰ ਪ੍ਰਚਾਰ ਅਤੇ ਲੋਕਾਂ ਨਾਲ ਨੁੱਕੜ ਮੀਟਿੰਗਾ ਦਾ ਪ੍ਰਬੰਧ ਕੀਤਾ ਗਿਆ ਸੀ। ਬਿਲਕੁਲ ਇਹੋ ਜਿਹਾ ਹੀ ਢੰਗ ਤਰੀਕਾ ਓਬਰ ਨੇ ਟੈਕਸੀ ਇੰਡਸਟਰੀ ਵਿਚ ਪੈਰ ਜਮਾਉਣ ਲਈ ਅਪਣਾਇਆ ਹੈ ਜਿਸ ਦਾ ਨਤੀਜਾ ਸਾਡੇ ਸਾਰਿਆਂ ਦੇ ਸਾਹਮਣੇ ਹੈ। ਜਰਟਿਨ ਟਰੂਡੋ ਸਰਕਾਰ ਨੇ ਇਸ ਕੌਰਪਰੇਟ ਲਾਬਿੰਗ ਅਤੇ ਵੱਡੇ ਵਪਾਰਕ ਅਦਾਰਿਆਂ ਦੇ ਪ੍ਰਭਾਵ ਸਦਕਾ ਸਟੀਫਨ ਹਾਰਪਰ ਦੀ ਸਰਕਾਰ ਦੀ ਨੀਤੀ ਨੂੰ ਅਪਣਾਉਣ ਵਾਲੇ ਯੂਰਪੀਅਨ ਟਰੇਡ ਸਮਝੋਤੇ, ਜਿਸ ਨੂੰ ਸੀਟਾ ਕਿਹਾ ਜਾਂਦਾ ਹੈ ਅਤੇ ਪੈਸੀਫਿਕ ਮੁਲਕਾਂ ਨਾਲ ਸਮਝੋਤਾ ਜਿਸ ਨੂੰ ਟੀ ਪੀ ਪੀ ਵਜੋਂ ਜਾਣਿਆ ਜਾਂਦਾ ਹੈ ਤੋਂ ਇਲਾਵਾ ਅਮਰੀਕੀ ਰਾਸ਼ਟਰਪਤੀ ਡੌਨਲੈਂਡ ਟਰੰਪ ਵਲੋਂ ਕੌਰਪਰੇਟ ਵਰਲਡ ਨੂੰ ਲਾਭ ਪਹੁੰਚਾਉਣ ਵਾਲੇ ਯੂ ਸੀ ਐਮ ਸੀ ਏ ਨੂੰ ਪ੍ਰਵਾਨ ਕੀਤਾ ਹੈ।

ਇਸੇ ਤਰ੍ਹਾਂ ਜਿਥੇ ਹਾਰਪਰ ਸਰਕਾਰ ਨੇ ਕੈਨੇਡੀਅਨ ਮਿਊਂਸਪਲ ਸਰਕਾਰਾਂ ਦੇ ਲਈ ਫੈਡਰਲ ਮਿਊਂਸਪਲ ਇਨਫਰਾ-ਸਟ੍ਰਕਚਰ ਪ੍ਰੋਗਰਾਮ ਦੇ ਲਈ (ਜਿਸ ਵਿਚ ਸ਼ਹਿਰੀ ਸਰਕਾਰ ਵਲੋਂ ਬਣਾਏ ਜਾਂਦੇ ਸੜਕਾਂ/ਪੁਲ/ਖੇਡ ਮੈਦਾਨ/ਪਾਰਕ/ਲਾਈਬਰੇਰੀ ਆਦਿ ਸ਼ਾਮਲ ਹਨ) ਫੈਡਰਲ ਫੰਡਿਗ ਜਾਰੀ ਕਰਨ ਲਈ ਸ਼ਹਿਰੀ ਸਰਕਾਰਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਸੀ ਕਿ ਉਹ ਇਨ੍ਹਾਂ ਪ੍ਰਾਜੈਕਟ ਨੂੰ ਪਬੱਲਿਕ-ਪ੍ਰਾਈਵੇਟ ਪਾਰਟਨਰਸ਼ਿੱਪ ਮਾਡਲ, ਯਾਨਿ 3-ਪੀ ਅਧੀਨ ਕਰਨ, ਉਸੇ ਹੀ ਰੀਤ ਨੂੰ ਅਗਾਂਹ ਚਲਾਂਉਦੇ ਹੋਏ ਜਸਟਿਨ ਟਰੂਡੋ ਸਰਕਾਰ ਨੇ 35 ਬਿਲੀਅਨ ਡਾਲਰ ਦੇ ਨਾਲ ਕੈਨੇਡਾ ਇਨਫਰਾ-ਸਟ੍ਰਕਚਰ ਬੈਂਕ ਦੀ ਸਥਾਪਨਾ ਕੀਤੀ ਜਿਸ ਵਲੋਂ ਇਨਫਰਾ-ਸਟ੍ਰਕਚਰ ਖੇਤਰ ਵਿਚ ਪ੍ਰਾਈਵੇਟ ਖੇਤਰ ਦੇ ਇਨਵੈਸਟਰਾਂ ਨੂੰ ਪੈਸਾ ਖਰਚਣ ਲਈ ਜੂਨ 2017 ਵਿਚ ਬੈਂਕ ਸਥਾਪਿਤ ਕੀਤਾ ਸੀ। ਇਸ ਨਵੇਂ ਸਥਾਪਿਤ ਕੀਤੇ ਬੈਂਕ ਵਿਚ ਪ੍ਰਾਈਵੇਟ, ਯਾਨਿ ਨਿੱਜੀ ਸ਼ੇਅਰਧਾਰਕਾਂ ਨੂੰ ਮੁਨਾਫੇ ਦੀ ਗਰੰਟੀ ਹੈ। ਸਾਡੇ ਭਾਈਚਾਰੇ ਵਿਚ ਮਾਈਕ ਹੈਰਿਸ ਦੀ ਸਰਕਾਰ ਵਲੋਂ ਲਾਗੂ ਕੀਤੇ 3-ਪੀ ਮਾਡਲ, ਜਿਸ ਨੂੰ ਪਬਲਿਕ-ਪ੍ਰਾਈਵੇਟ ਪਾਰਟਨਰਸ਼ਿੱਪ ਕਿਹਾ ਜਾਂਦਾ ਹੈ, ਉਸ ਵਕਤ ਬਹੁਤ ਚਰਚਾ ਵਿਸ਼ਾ ਬਣਿਆ ਸੀ ਜਦੋਂ ਬਰੈਂਪਟਨ ਦਾ ਨਵਾਂ ਹਸਪਤਾਲ (ਬਰੈਮਲੀ/ਬੌਵੇਰਡ) ਇਸ ਸੰਕਲਪ ਅਧੀਨ ਬਣਾਇਆ ਗਿਆ ਸੀ ਅਤੇ ਹੁਣ ਲਿਬਰਲ ਪਾਰਟੀ ਨੇ ਫੈਡਰਲ ਸਰਕਾਰ ਵਿਚ ਉਸੇ ਹੀ ਪਾਲਸੀ ਨੂੰ ਲਾਗੂ ਕੀਤਾ ਹੈ।

ਵਿਦੇਸ਼ੀ ਮਾਮਲਿਆਂ ਸਬੰਧੀ, ਜਸਟਿਨ ਟਰੂਡੋ ਨੇ 2015 ਅਕਤੂਬਰ ਵਿਚ ਜਿੱਤ ਪ੍ਰਾਪਤ ਕਰਨ ਵੇਲੇ " ਸੰਨੀ ਵੇਅ... ਸੰਨੀ ਵੇਅ " ਕਹਿੰਦੇ ਹੋਏ ਕੈਨੇਡੀਅਨ ਲੋਕਾਂ ਤੋਂ ਇਲਾਵਾ ਅੰਤਰ-ਰਾਸ਼ਟਰੀ ਭਾਈਚਾਰੇ ਵਿਚ ਆਪਣੇ ਬਿਆਨ " ਕੈਨੇਡਾ ਵਾਪਿਸ ਆ ਗਿਆ " ਨਾਲ ਲੋਕਾਂ ਦੀ ਇਹ ਉਮੀਦ ਜਗਾਈ ਕਿ ਜਿਵੇਂ ਲੈਸਟਰ ਪੀਅਰਸਨ ਜੋ ਕਿ 1963 ਤੋਂ 1968 ਦਰਮਿਆਨ ਕੈਨੇਡਾ ਦੇ ਪ੍ਰਧਾਨ ਮੰਤਰੀ ਸਨ ਅਤੇ ਜਿਨ੍ਹਾਂ ਦਾ ਅੰਤਰ-ਰਾਸ਼ਟਰੀ ਮੰਚ ਉਪਰ ਬੇਹੱਦ ਸਤਿਕਾਰ ਅਤੇ ਹਰਮਨਪਿਆਰਤਾ ਸੀ, ਵਾਲਾ ਕੈਨੇਡਾ ਦੁਬਾਰਾ ਅੰਤਰ-ਰਾਸ਼ਟਰੀ ਮੰਚ ਵਿਚ ਵੇਖਣ ਨੂੰ ਮਿਲੇਗਾ। ਅਜਿਹਾ ਹੋਣ ਦੇ ਬਜਾਏ, ਅਮਰੀਕਾ ਵਿਚ ਡੌਨਲੈਂਡ ਟਰੰਪ ਦੀ 2016 ਵਿਚ ਹੋਈ ਜਿੱਤ ਅਤੇ ਕ੍ਰਿਸਟੀਆ ਫ੍ਰੀਲੈਂਡ ਦੀ ਵਿਦੇਸ਼ ਮੰਤਰੀ ਵਜੋਂ ਜਨਵਰੀ 2017 ਵਿਚ ਹੋਈ ਨਿਯੁਕਤੀ ਤੋਂ ਬਾਅਦ ਅੰਤਰ-ਰਾਸ਼ਟਰੀ ਮਸਲਿਆਂ ਵਿਚ ਕੈਨੇਡਾ ਨੇ ਸਖ਼ਤ ਰੁੱਖ ਅਪਣ-ਾਇਆ ਹੈ। ਆਪਸੀ ਭਰਾਤਰੀ-ਭਾਵ ਜਾਂ ਅਮਰੀਕੀ ਸਰਕਾਰ ਦੀ ਨੀਤੀ ਦੇ ਪਿੱਛੇ ਲੱਗਦੇ ਹੋਏ ਜਾਂ ਉਸ ਦੀ ਹਾਮੀ ਭਰਦੇ ਹੋਏ ਆਪਣੀ ਵੱਖਰੀ ਪਹਿਚਾਣ (ਲੈਸਟਰ ਪੀਅਰਸਨ ਵਾਲਾ ਸਮਾਂ) ਅਪਨਾਉਣ ਤੋਂ ਕੰਨੀ ਕਤਰਾਈ ਹੈ। ਪੀਸਕੀਪਿੰਗ ਮਿਸ਼ਨ ਸਬੰਧੀ ਬਿਆਨਬਾਜ਼ੀ ਤਾਂ ਬਹੁਤ ਹੋਈ ਹੈ ਪ੍ਰਤੂੰ ਅਮਲ ਉਸ ਦੇ ਮੁਕਾਬਲੇ ਘੱਟ ਹੋਇਆ ਹੈ। ਰੂਸ ਪ੍ਰਤੀ ਜਸਟਿਨ ਟਰੂਡੋ ਸਰਕਾਰ ਨੇ ਸਖ਼ਤ ਰੁੱਖ ਅਪਣਾਇਆ ਅਤੇ ਵੈਨਜ਼ੂਐਲਾ ਵਿਚ ਸਰਕਾਰ ਬਦਲਣ ਲਈ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ ਪ੍ਰਤੀ ਹਮੇਸ਼ਾਂ ਸਪੈਸ਼ਲ ਖਿੱਚ ਦਿਖਾਈ ਹੈ। ਸਾਊਦੀ ਪੱਤਰਕਾਰ ਖਸ਼ੋਗੀ ਦੇ ਅਕਤੂਬਰ 2018 ਵਿਚ ਹੋਏ ਕਤਲ ਸਦਕਾ ਸਾਊਦੀ ਅਰਬ ਨਾਲ ਡਿਪਲੋਮੈਟਿਕ ਸਬੰਧੀ ਤੋੜਣ ਦੀ ਹੱਦ ਤੱਕ ਪਹੁੰਚਣ ਵਾਲੀ ਟਰੂਡੋ ਸਰਕਾਰ ਨੇ ਸੰਤਬਰ 2017 ਵਿਚ ਹਿੰਦੁਸਤਾਨ ਵਿਚ ਕਤਲ ਕੀਤੀ ਗਈ ਪੱਤਰਕਾਰ, ਗੌਰੀ ਲੰਕੇਸ਼ ਜਾਂ ਜਨਵਰੀ 2018 ਵਿਚ ਹਿੰਦੁਸਤਨ ਦੇ ਕਠੂਆ, ਕਸ਼ਮੀਰ ਵਿਚ 8 ਸਾਲ ਦੀ ਮੁਸਲਿਮ ਬੱਚੀ, ਆਸਿਫਾ ਬਾਨੋ ਦੇ ਇਕ ਮੰਦਿਰ ਵਿਚ ਉਸੇ ਹੀ ਮੰਦਿਰ ਦੇ ਪੁਜਾਰੀ ਤੋਂ ਇਲਾਵਾ ਪੁਲਿਸ ਕਰਮਚਾਰੀਆਂ ਵਲੋਂ ਕੀਤੇ ਰੇਪ ਅਤੇ ਕਤਲ ਸੰਬਧੀ ਚੁੱਪ ਧਾਰਨ ਤੋਂ ਇਲਾਵਾ ਹਿੰਦੁਸਤਾਨ ਵਿਚ ਗਊ-ਰੱਖਿਆ ਦੇ ਨਾਮ ਉਪਰ ਵੱਧ ਰਹੇ ਕਤਲਾਂ ਸਬੰਧੀ ਚੁੱਪ ਧਾਰੀ ਰੱਖੀ। ਸ੍ਰੀ ਲੰਕਾ ਵਿਚ ਜੁਲਾਈ 1983 ਵਿਚ ਵਾਪਰੇ ਤਾਮਿਲ ਕਤਲੇਆਮ ਸਬੰਧੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੱਤਾ ਸੰਭਾਲਣ ਤੋਂ ਬਾਅਦ ਪਿਛਲੇ 4 ਸਾਲ ਤੋਂ ਹਰ4 ਜੁਲਾਈ ਨੂੰ ਪ੍ਰੈਸ ਨੋਟ ਜਾਰੀ ਕਰਕੇ ਉਸ ਕਤਲੇਆਮ ਨੂੰ ਯਾਦ ਕੀਤਾ ਅਤੇ ਇਨਸਾਫ ਦੀ ਮੰਗ ਦੁਹਰਾਈ ਜਦੋਂ ਕਿ ਨਵੰਬਰ 1984 ਵਿਚ ਹਿੰਦੁਸਤਾਨ ਅੰਦਰ ਵਾਪਰੇ ਸਿੱਖ ਕਤਲੇਆਮ ਸਬੰਧੀ ਪ੍ਰਦਾਨ ਮੰਤਰੀ ਬਨਣ ਤੋਂ ਬਾਅਦ ਚੁੱਪ ਧਾਰੀ ਰੱਖੀ।ਟਰੂਡੋ ਸਰਕਾਰ ਵਲੋਂ ਔਰਤਾਂ ਦੇ ਹੱਕਾਂ ਨੂੰ ਮਜ਼ਬੂਤ ਕਰਨ ਲਈ ਵਿਦੇਸ਼ ਨੀਤੀ ਨੂੰ ਧਿਆਨ ਦੇਣ ਲਈ ਕਹਿਣਾ ਇਕ ਚੰਗਾ ਅਤੇ ਸ਼ਲਾਘਾਯੋਗ ਫੈਸਲਾ ਸੀ ਪਰ ਮਾਹਿਰਾਂ ਅਨੁਸਾਰ ਇਸ ਖੇਤਰ ਵਿਚ ਗੱਲਾਂ ਜ਼ਿਆਦਾ ਅਤੇ ਐਕਸ਼ਨ ਘੱਟ ਹੋਏ ਹਨ।

....ਬਾਕੀ ਕੱਲ੍ਹ



# ਕੈਨੇਡਾ ਦੇ ਸਿਆਸੀ ਮੰਚ 'ਤੇ ਜਗਮੀਤ ਸਿੰਘ ਦੀ ਚੜ੍ਹਤ



-ਡਾ. ਗੁਰਵਿੰਦਰ ਸਿੰਘ-

ਇਹ ਗੱਲ ਉਸ ਵੇਲੇ ਦੀ ਹੈ, ਜਦੋਂ ਜਗਮੀਤ ਸਿੰਘ ਕੈਨੇਡਾ ਦੀ ਤੀਜੀ ਸਭ ਤੋਂ ਵੱਡੀ ਪਾਰਟੀ ਨਿਊ ਡੈਮੋਕਰੈਟਿਕ ਦਾ ਕੌਮੀ ਆਗੂ ਬਣਨ ਲਈ ਤਿਆਰੀ ਕਰ ਰਿਹਾ ਸੀ। ਉਸ ਨੇ ਸਿਆਸੀ ਪੱਧਰ 'ਤੇ ਕਾਮਯਾਬੀ ਲਈ 'ਗੁਰ ਲੈਣ ਵਾਸਤੇ' ਕਿਸੇ ਨਾਮਵਰ ਰਾਜਸੀ ਨੇਤਾ ਤੋਂ ਸਲਾਹ ਮੰਗੀ, ਜਗਮੀਤ ਸਿੰਘ ਦੇ ਦੱਸਣ ਅਨੁਸਾਰ ਉਸ ਸਲਾਹਕਾਰ ਨੇ ਕਿਹਾ ਕਿ ਜੇਕਰ ਕੈਨੇਡਾ ਦਾ ਰਾਸ਼ਟਰੀ ਪੱਧਰ ਦਾ ਆਗੂ ਬਣਨਾ ਹੈ ਤਾਂ, ਉਸਨੂੰ ਕੁਝ ਤਬਦੀਲੀਆਂ ਦੀ ਲੋੜ ਹੈ। ਪਹਿਲੀ ਗੱਲ ਇਹ ਹੈ ਆਪਣਾ ਪੂਰਾ ਨਾਂ ਜਗਮੀਤ ਸਿੰਘ ਲੈਣ ਦੀ ਬਜਾਏ 'ਜੈਗ' ਅਖਵਾਉਣਾ ਸ਼ੁਰੂ ਕਰ ਦੇਵੇ। ਦੂਜੀ ਉਪਨਾਮ 'ਸਿੰਘ' ਦੀ ਥਾਂ ਗੋਤ ਵਰਤੋਂ ਕਰੇ। ਤੀਜੀ ਦਾੜ੍ਹੀ ਖੁੱਲ੍ਹੀ ਰੱਖਣ ਦੀ ਬਜਾਏ ਬੰਨ੍ਹਣੀ ਸ਼ੁਰੂ ਕਰੇ ਅਤੇ ਚੌਥੀ ਗੱਲ ਆਪਣੀ ਪੱਗ ਦਾ ਸਟਾਈਲ ਗੋਲ ਤੇ ਦੁਮ-ਾਲੇ ਵਾਲਾ ਛੱਡ ਕੇ, ਨੋਕਦਾਰ ਬਣਾਏ ਅਤੇ ਪੰਜਵੀਂ ਗੱਲ, ਕ੍ਰਿਪਾਨ ਉਪਰੋਂ ਪਹਿਨਣ ਦੀ ਥਾਂ ਕੱਪੜਿਆਂ ਦੇ ਹੇਠਾਂ ਦੀ ਪਹਿਨੇ। ਅਜਿਹਾ ਕਰਕੇ ਉਹ ਕੈਨੇਡੀਅਨ ਲੋਕਾਂ 'ਚ ਜੱਚ ਜਾਵੇਗਾ, ਨਹੀਂ ਤਾਂ ਉਸ ਲਈ ਕਾਮਯਾਬ ਹੋਣਾ ਔਖਾ ਹੈ। ਜਗਮੀਤ ਸਿੰਘ ਨੇ 'ਸਲਾਹਕਾਰ' ਨੂੰ ਬੜੇ ਅਦਬ ਨਾਲ ਕਿਹਾ ਕਿ ਉਹ ਨਹੀਂ ਸਮਝਦਾ ਕਿ ਕੈਨੇਡਾ ਦੇ ਬਹੁ-ਸਭਿਆਚਾਰਕ ਭਾਈਚਾਰੇ ਨੂੰ ਉਸਦੇ ਨਾਂ ਨਾਲ ਕੋਈ ਔਖ ਮਹਿਸੂਸ ਹੋਵੇਗੀ, ਜੋ ਨਾਂ ਬਦਲ ਕੇ ਠੀਕ ਹੋ ਜਾਏਗੀ। ਉਪਨਾਮ ਉਹ ਗੋਤ ਜਾਂ ਇਲਾਕੇ ਦਾ ਵਰਤਣ ਦੀ ਥਾਂ, ਸਿੰਘ ਹੀ ਲਿਖਣਾ ਚਾਹੇਗਾ, ਕਿਉਂਕਿ ਇਹ ਉਸਦੀ ਪਛਾਣ ਹੈ। ਰਹੀ ਗੱਲ ਦਾਹੜੀ ਬੰਨਣ ਦੀ, ਉਹ ਸ਼ੁਰੂ ਤੋਂ ਹੀ 'ਦਾਹੜਾ ਪ੍ਰਕਾਸ਼' ਕਰਦਾ ਹੈ, ਇਸ ਨੂੰ ਬੰਨ੍ਹਣਾ ਨਹੀਂ ਚਾਹੁੰਦਾ। ਬਾਕੀ ਦਸਤਾਰ ਬੰਨਣ ਦੇ ਤਰੀਕੇ ਸਾਰੇ ਹੀ ਚੰਗੇ ਹਨ, ਪਰ ਉਸਦੇ ਲੰਮੇ ਚਿਹਰੇ 'ਤੇ ਗੋਲ ਦਸਤਾਰ ਵਧੇਰੇ ਜਚਦੀ ਹੈ ਤੇ ਉਸਨੇ ਇਤਿਹਾਸ ਪੜ੍ਹਦਿਆਂ ਵੀ ਜਾਣਿਆ ਹੈ ਕਿ ਸਦੀਆਂ ਤੋਂ ਸਿੱਖ ਗੋਲ ਦਸਤਾਰ ਜਾਂ ਦੁਮਾਲਾ ਹੀ ਸਜਾਉਂਦੇ ਆ ਰਹੇ ਹਨ। ਹੋਰ ਅੰਮ੍ਰਿਤਧਾਰੀ ਸਿੱਖ ਹੋਣ ਕਰਕੇ ਕਿਰਪਾਨ ਉਹ ਕਮੀਜ਼ ਦੇ ਉਪਰੋਂ ਪਾਉਂਦਾ ਹੈ ਤੇ ਉਸ ਨੂੰ ਅਜਿਹਾ ਚੰਗਾ ਲੱਗਦਾ ਹੈ। ਇਸ ਤਰ੍ਹਾਂ ਆਪਣੀ ਪਛਾਣ ਨੂੰ ਬਦਲ ਕੇ ਉਹ ਕੈਨੇਡਾ ਦਾ ਰਾਸ਼ਟਰੀ ਨੇਤਾ ਨਹੀਂ ਬਣਨਾ ਚਾਹੇਗਾ। ਜੇਕਰ ਕੈਨੇਡਾ ਦੇ ਲੋਕ ਚਹੁੰਣਗੇ, ਤਾਂ ਉਸ ਨੂੰ ਇਉ ਹੀ ਸਵਿਕਾਰ ਕਰਨਗੇ। ਜਗਮੀਤ ਸਿੰਘ ਦੀ ਸੋਚ ਸਹੀ ਸਾਬਤ ਹੋਈ ਤੇ ਕੈਨੇਡਾ ਵਾਸੀਆਂ ਨੇ ਉਸਨੂੰ ਉਵੇਂ - ਜਿਵੇਂ ਨਾ ਸਿਰਫ਼ ਪ੍ਰਵਾਨ ਹੀ ਕੀਤਾ, ਸਗੋਂ ਕੈਨੇਡਾ ਦੇ ਇਤਿਹਾਸ ਵਿੱਚ ਕਿਸੇ ਨੈਸ਼ਨਲ ਪਾਰਟੀ ਦਾ ਕੌਮੀ ਨੇਤਾ ਵੀ ਬਣਾ ਦਿੱਤਾ। ਇਹ ਕੈਨੇਡਾ ਦੇ ਬਹੁ - ਸਭਿਆਚਾਰਕ ਢਾਂਚੇ 'ਚ ਵਸਦੇ ਲੋਕਾਂ ਦੀ ਮਹਾਨ ਸੋਚ ਦਾ ਨਤੀਜਾ ਹੀ ਸੀ ਕਿ ਜਿਥੇ ਵਿਅਕਤੀ ਦੇ ਪ੍ਰਵਾਸੀ ਪਿਛੋਕੜ, ਧਰਮ, ਪਹਿਰਾਵੇ ਅਤੇ ਬੋਲੀ ਦੇ ਵਖਰੇਵੇਂ ਕਾਰਨ ਉਸਨੂੰ ਨਕਾਰਨ ਦੀ ਥਾਂ, ਉਸ ਦੀ ਸੂਝ-ਬੂਝ , ਦੂਰ ਅੰਦੇਸ਼ੀ ਅਤੇ ਲੀਡਰਸ਼ਿਪ ਨਿਪੁੰਨਤਾ ਕਰਕੇ ਸਵਿਕਾਰ ਕੀਤਾ ਗਿਆ ਹੋਵੇ।

ਪੰਜਾਬ ਦੇ ਠੀਕਰੀਵਾਲੇ ਪਿੰਡ ਤੋਂ ਸ਼ਹੀਦ ਸੇਵਾ ਸਿੰਘ ਠੀਕਰੀਵਾਲ ਦੇ ਸਕਿਆਂ ਦੇ ਪਰਿਵਾਰ ਦੀ ਚੌਥੀ ਪੀੜ੍ਹੀ ਨਾਲ ਸਬੰਧਿਤ, 40 ਸਾਲਾ ਜਗਮੀਤ ਸਿੰਘ ਅੰਦਰ ਵੀ ਸਰਮਾਏਦਾਰੀ ਢਾਂਚੇ ਅਤੇ ਰਜਵਾੜਾ ਸ਼ਾਹੀ ਖ਼ਿਲਾਫ਼ ਬੇਬਕੀ ਨਾਲ ਲੜਨ ਦੀ ਭਾਵਨਾ ਝਲਕਦੀ ਹੈ। 2 ਜਨਵਰੀ 1979 ਨੂੰ ਜਗਤਰਨ ਸਿੰਘ ਅਤੇ ਹਰਮੀਤ ਕੌਰ ਧਾਲੀਵਾਲ ਦੇ ਘਰ ਸਕਾਰਬਰੋ ਸ਼ਹਿਰ 'ਚ ਜਨਮਿਆ ਜਗਮੀਤ ਸਿੰਘ ਬਚਪਨ ਤੋਂ ਲੈ ਕੇ ਸਕੂਲ ਕਾਲਜ ਤੱਕ ਨਸਲਵਾਦੀ ਵਤਕਰੇ ਦਾ ਸਾਹਮਣਾ ਕਰਦਾ ਰਿਹਾ ਹੈ। ਜਿਸ ਬਾਰੇ ਉਸ ਨੇ ਆਪਣੀ ਸਵੈ-ਜੀਵਨੀ 'ਲਵ ਐਂਡ ਕਰੇਜ' ਵਿੱਚ ਵਿਸਥਾਰ ਸਹਿਤ ਘਟਨਾਵਾਂ ਦਾ ਜ਼ਿਕਰ ਵੀ ਕੀਤਾ ਹੈ। ਉਸ ਨੇ ਆਪਣੇ ਨਾਲ ਹੋਏ ਜਿਸਮਾਨੀ ਸੋਸ਼ਣ ਤੋਂ ਲੈ ਕੇ ਘਰੇਲੂ ਹਾਲਤਾਂ ਬਾਰੇ ਬੇਬਾਕੀ ਅਤੇ



ਨਿਰਪੱਖਤਾ ਨਾਲ ਲਿਖਣ ਦੀ ਹਿੰਮਤ ਦਿਖਾਈ ਜਿਸ ਦੀ ਪ੍ਰਸੰਸਾ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਨੇ ਵੀ ਸਿਆਸੀ ਹੱਦਾਂ ਤੋਂ ਉੱਪਰ ਉੱਠ ਕੇ ਕੀਤੀ। ਪੇਸ਼ੇ ਵਜੋਂ ਵਕਾਲਤ 'ਚ ਸਫਲ ਰਹਿਣ ਵਾਲਾ ਇਹ ਨੌਜਵਾਨ ਸੰਨ 2011 ਵਿੱਚ ਪਹਿਲੀ ਵਾਰ ਉਂਟਾਰੀਓ ਵਿਧਾਨ ਸਭਾ 'ਚ ਵਿਧਾਇਕ ਬਣਿਆ ਅਤੇ ਮਗਰੋਂ ਸੂਬਾਈ ਨਿਊ ਡੈਮੋਕਰੈਟਿਕ ਪਾਰਟੀ ਦਾ ਉਪ-ਨੇਤਾ ਚੁਣਿਆ ਗਿਆ। ਉਸਦਾ ਅਗਾਂਹ-ਵਧੂ ਜਜ਼ਬਾ, ਸਖ਼ਤ ਚੁਣੌਤੀਆਂ ਨਾਲ ਟੱਕਰ ਲੈਣ ਦਾ ਦ੍ਰਿੜ ਇਰਾਦਾ ਅਤੇ ਸਿਆਸੀ ਨਿਪੁੰਨਤਾ ਨੇ 1 ਅਕਤੂਬਰ 2017 ਨੂੰ ਜਗਮੀਤ ਸਿੰਘ ਨੂੰ ਐਨ.ਡੀ.ਪੀ. ਦਾ ਕੌਮੀ ਆਗੂ ਬਣਾ ਦਿੱਤਾ। ਜਗਮੀਤ ਸਿੰਘ ਦਾ ਅਨੰਦ ਕਾਰਜ 2018 ਵਿੱਚ ਗੁਰਕਿਰਨ ਕੌਰ ਨਾਲ ਹੋਇਆ। ਸਿੰਘ ਦਾ ਛੋਟਾ ਭਰਾ ਗੁਰਰਤਨ ਸਿੰਘ ਇਸ ਸਮੇਂ ਓਨਟਾਰੀਓ ਵਿਧਾਨ ਸਭਾ ਵਿੱਚ ਨਿਊ ਡੈਮੋਕਰੇਟਿਕ ਪਾਰਟੀ ਦਾ ਵਿਧਾਇਕ ਹੈ।ਗੌਰ ਕਰਨ ਵਾਲੀ ਗੱਲ ਇਹ ਹੈ ਕਿ ਕਿਸੇ ਕੌਮੀ ਪਾਰਟੀ ਦਾ ਆਗੂ ਕੈਨੇਡਾ ਦੀਆਂ ਫੈਡਰਲ ਚੋਣਾਂ 'ਚ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਹੁੰਦਾ ਹੈ ਤੇ ਚੋਣਾਂ ਵੇਲੇ ਕੌਮੀ ਪੱਧਰ ਦੀ ਬਹਿਸਾਂ 'ਚ ਸ਼ਾਮਿਲ ਹੁੰਦਾ ਹੈ। ਜਗਮੀਤ ਸਿੰਘ ਪਾਰਟੀ ਆਗੂ ਬਣਨ ਸਮੇਂ ਕੈਨੇਡਾ ਦੀ ਪਾਰਲੀਮੈਂਟ 'ਹਾਊਸ ਆਫ਼ ਕਾਮਨਜ਼' ਦਾ ਮੈਂਬਰ ਨਹੀਂ ਸੀ, ਜਿਸ ਕਾਰਨ ਉਸਨੇ ਬ੍ਰਿਟਿਸ਼ ਕੋਲੰਬੀਆਂ ਦੇ ਬਰਨਬੀ ਸਾਊਥ ਹਲਕੇ ਤੋਂ ਚੋਣ ਲੜੀ। ਚਾਹੇ ਕੈਨੇਡਾ 'ਚ ਸਮੇਂ- ਸਮੇਂ ਜ਼ਿਮਨੀ ਚੋਣਾਂ ਹੁੰਦੀਆਂ ਰਹਿੰਦੀਆਂ ਹਨ, ਪਰ 25 ਫਰਵਰੀ 2019 ਨੂੰ ਹੋਈ ਇਸ ਚੋਣ ਦਾ ਮਹੱਤਵ ਕੁਝ ਵੱਖਰਾ ਹੀ ਸੀ। ਇਕ ਪਾਸੇ ਕਿਸੇ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਿਤ ਉਮੀਦਵਾਰ, ਕੈਨੇਡਾ ਦੀਆਂ ਬਹੁ ਸਭਿਆਚਾਰਕ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦਾ ਹੋਇਆ, ਹਰ ਸ਼ਬਦ ਤੋਲ-ਤੋਲ ਕੇ ਬੋਲ ਰਿਹਾ ਸੀ, ਦੂਜੇ ਪਾਸੇ ਸੱਜੇ ਪੱਖੀ ਤਾਕਤਾਂ ਨੇ ਨਸਲੀ ਪੱਤਾ ਖੇਡਦਿਆਂ ਅਤੇ ਅਤਿ ਨੀਵੇਂ ਦਰਜੇ ਦੀ ਸਿਆਸਤ ਕਰਦਿਆਂ ਕੈਨੇਡਾ ਦੇ ਮਲਟੀ ਕਲਚਰਲਿਜ਼ਮ ਢਾਂਚੇ ਨੂੰ ਢਾਹ ਲਾ ਰਹੀਆਂ ਸਨ। ਚੋਣ ਪ੍ਰਚਾਰ ਸ਼ੁਰੂ ਹੁੰਦਿਆਂ ਸਾਰ ਲਿਬਰਲ ਉਮੀਦਵਾਰ ਕੈਰੇਨ ਵਾਂਗ ਨੇ ਬਿਆਨ ਦਾਗਿਆ ਕਿ ਬਰਨਬੀ ਹਲਕੇ 'ਚ ਵਸਦੇ ਚੀਨੀ ਮੂਲ ਦੇ ਲੋਕ ਉਸਨੂੰ ਹੀ ਜਿਤਾਉਣ, ਕਿਉਂਕਿ ਉਹ ਉਹਨਾਂ ਵਿੱਚੋਂ ਹੀ ਹੈ। ਇਸ ਕਾਰਨ ਹੀ ਉਸ ਉਮੀਦਵਾਰ ਨੂੰ ਮਗਰੋਂ ਅਸਤੀਫ਼ਾ ਦੇਣਾ ਪਿਆ। ਕੰਜ਼ਰਵਟਿਵ ਉਮੀਦਵਾਰ ਜੇ ਸ਼ਿਨ ਨੇ ਤਾਂ ਉਸ ਸਮੇਂ ਸਾਰੀਆਂ ਹੀ ਹੱਦਾਂ ਪਾਰ ਕਰ ਦਿੱਤੀਆਂ ਜਦੋਂ ਉਸਨੇ ਜਗਮੀਤ ਸਿੰਘ ਖ਼ਿਲਾਫ਼ ਭੱਦੇ ਪੋਸਟਰ ਛਾਪੇ ਤੇ ਲਿਖਿਆ ਕਿ ਜਗਮੀਤ ਸਿੰਘ ਨੂੰ ਹਰਾ ਕੇ ਐਨ.ਡੀ.ਪੀ. ਨੂੰ 'ਨਵਾਂ ਲੀਡਰ' ਦਿੱਤਾ ਜਾਵੇ। ਸੱਜੇ ਪੱਖੀ ਟੌਰੀ ਪਾਰਟੀ ਦੇ ਆਗੂ ਐਂਡਰੀਊ ਸ਼ੀਅਰ , ਉਸਦੇ ਕਿਸੇ ਵੀ ਭਾਰਤੀ ਮੂਲ ਦੇ ਮੈਂਬਰ ਜਾਂ ਅਗਲੀਆਂ ਫੈਡਰਲ ਚੋਣਾਂ ਦੇ ਬਣੇ ਉਮੀਦਵਾਰਾਂ ਨੇ ਅਜਿਹੇ ਪੋਸਟਰਾਂ ਦਾ ਵਿਰੋਧ ਨਾ ਕੀਤਾ। ਚਾਹੇ ਜਗਮੀਤ ਸਿੰਘ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਆਪਣਾ ਧਿਆਨ ਕੈਨੇਡਾ ਦੀਆਂ ਸਿਹਤ ਸੇਵਾਵਾਂ , ਆਰਥਿਕ ਢਾਂਚੇ, ਕਰ ਨੀਤੀ, ਵਿਦਿਅਕ ਪਾਸਾਰ ਅਤੇ ਪਿਛੜੇ ਲੋਕਾਂ ਦੀ ਬਰਾਬਰਤਾ ਆਦਿ ਮੁੱਦਿਆਂ 'ਤੇ ਰੱਖਿਆ, ਪਰ ਫਾਸੀਵਾਦੀ ਤੇ ਨਸਲਵਾਦੀ ਤਾਕਤਾਂ ਨੇ ਉਸਨੂੰ ਉਸਦੀ ਪਛਾਣ, ਪ੍ਰਵਾਸੀ ਪਿਛੋਕੜ ਅਤੇ ਧਰਮ-ਰੰਗ 'ਤੇ ਹਮਲਾ ਕਰਦਿਆਂ ਭੰਡਣ ਦੀ ਹਰ ਚਾਲ ਖੇਡੀ । ਟੋਰੀਆਂ ਨੇ ਤਾਂ ਸੀਰੀਆ ਦੇ ਰਫ਼ਿਊਜੀ ਲੋਕਾਂ ਨੂੰ ਨਿਸ਼ਾਨਾ ਬਣਾ ਕੇ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਨੂੰ ਵੀ ਨਾ ਸਿਰਫ ਨਿੰਦਿਆ, ਬਲਕਿ ਗੋਰਿਆਂ, ਚੀਨਿਆ, ਮੁਸਲਮਾਨਾਂ ਤੇ ਹੋਰਨਾਂ 'ਚ ਪਾੜਾ ਪਾਉਣ ਦਾ ਪੱਤਾ ਵੀ ਖੇਡਿਆ। ਜਗਮੀਤ ਸਿੰਘ ਦੀ ਚੋਣ ਮੁਹਿੰਮ ਨੂੰ ਤਾਰਪੀਡੋ ਕਰਨ ਲਈ ਉਸਦੀ ਆਲੋਚਨਾ ਕੈਨੇਡਾ ਦੀਆਂ ਸੱਜੇ ਪੱਖੀ ਤਾਕਤਾਂ ਤੋਂ ਇਲਾਵਾ, ਭਾਰਤ ਨਾਲ ਸਬੰਧਿਤ ਫਾਸੀਵਾਦੀ ਤਾਕਤਾਂ ਨੇ ਵੀ ਖੁੱਲ ਕੇ ਕੀਤੀ। ਇਸਦਾ ਮੁੱਖ ਕਾਰਨ ਇਹ ਸੀ ਕਿ ਜਗਮੀਤ ਸਿੰਘ ਨੇ 2011 ਤੋਂ ਹੀ 'ਸਿੱਖ ਨਸਲਕੁਸ਼ੀ' ਸਬੰਧੀ ਮਤੇ ਦੀ ਖੁੱਲ੍ਹਕੇ ਹਮਾਇਤ ਹੀ ਨਹੀਂ ਕੀਤੀ, ਸਗੋਂ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਸਨੇ ਮਨੁੱਖੀ ਅਧਿਕਾਰਾਂ ਦੇ ਮੱਦੇ 'ਤੇ ਘੱਟ ਗਿਣਤੀਆਂ, ਦਲਿਤਾਂ ਤੇ ਔਰਤਾਂ 'ਤੇ ਹੁੰਦਾ ਜ਼ੁਲਮ ਦੀ ਵੀ ਨਿਖੇਧੀ ਕੀਤੀ। ਇਸ ਕਾਰਨ ਹੀ ਭਾਰਤ ਅਤੇ ਪੰਜਾਬ ਦੇ ਸੱਤਾਧਾਰੀ ਆਗੂਆਂ ਵੱਲੋਂ ਜਗਮੀਤ ਸਿੰਘ ਦਾ ਲਗਾਤਾਰ ਵਿਰੋਧ ਵੀ ਹੁੰਦਾ ਰਿਹਾ ਹੈ। ਸਿਤਮਜ਼ਰੀਫੀ ਦੀ ਗੱਲ ਇਹ ਹੈ ਕਿ ਇਕ ਪਾਸੇ ਕੈਨੇਡਾ ਨੇ ਪ੍ਰਵਾਸੀ ਮੂਲ ਦੇ ਪਿਛੋਕੜ ਵਾਲੇ ਨੌਜਵਾਨ ਨੂੰ ਰਾਸ਼ਟਰੀ ਪਾਰਟੀ ਦਾ ਨੇਤਾ ਚੁਣਿਆ, ਦੂਜੇ ਪਾਸੇ ਕੈਨੇਡਾ ਦੇ ਜੰਮਪਲ ਜਗਮੀਤ ਸਿੰਘ ਨੂੰ ਭਾਰਤ ਵਲੋਂ ਵੀਜ਼ਾ ਦੇਣ 'ਤੇ ਪਾਬੰਦੀ ਲਾ ਦਿੱਤੀ ਗਈ। ਅਜਿਹੀਆਂ ਹੋਰ ਵੀ ਕਈ ਅਜਿਹੀਆਂ ਘਟਨਾਵਾਂ ਹੋਈਆਂ, ਜਿਹੜੀਆਂ ਜਗਮੀਤ ਸਿੰਘ ਨੂੰ ਹਰ ਹਾਲ 'ਚ ਹਰਾਉਣ ਲਈ ਮਿਥ ਕੇ ਕੀਤੀਆਂ ਗਈਆਂ, ਪਰ ਅਖੀਰ ਨੂੰ ਜਿੱਤ ਕੈਨੇਡੀਅਨ ਕਦਰਾਂ, ਕੀਮਤਾਂ ਦੀ ਹੋਈ ਤੇ ਹਾਰ ਸੱਜੇ ਪੱਖੀ , ਫਿਰਕੂ ਤੇ ਫਾਸੀਵਾਦੀ ਤਾਕਤਾਂ ਦੀ, ਇਥੋਂ ਤੱਕ ਕਿ ਇਥੋਂ ਦੇ ਪ੍ਰਮੁੱਖ ਅੰਗਰੇਜ਼ੀ ਮੀਡੀਆ 'ਵੈਨਕੂਵਰ ਸੰਨ' ਸਮੇਤ ਸੱਜੇ ਪੱਖੀ ਪ੍ਰੈਸ ਨੇ ਵੀ ਜਗਜੀਤ ਸਿੰਘ ਨੂੰ ਹਰਾਉਣ ਦੀ ਹਰ ਵਾਹ ਲਾਈ, ਪਰ ਲੋਕਾਂ ਨੇ ਉਸਦੇ ਸਿਰ 'ਜਿੱਤ ਦਾ ਤਾਜ' ਸਜਾਇਆ।

ਜਗਮੀਤ ਸਿੰਘ ਦੀ ਕਾਮਯਾਬੀ ਅਸਲ ਵਿੱਚ ਕੈਨੇਡਾ ਦੀਆਂ ਬਹੁ- ਸਭਿਆਚਾਰਕ ਕਦਰਾਂ-ਕੀਮਤਾਂ ਦੀ ਹੀ ਜਿੱਤ ਹੈ। ਇਕ ਸਿੱਖ ਹੋਣ ਦੇ ਨਾਤੇ ਚਾਹੇ ਉਸਨੇ ਸਿੱਖੀ ਦੀ ਸ਼ਾਨ ਨੂੰ ਤਾਂ ਵਧਾਇਆ ਹੀ ਹੈ, ਪਰ ਕੈਨੇਡਾ ਦੇ ਸੰਦਰਭ 'ਚ ਉਸਦੀ ਜਿੱਤ ਇੰਮੀਗੈਰੰਟ ਲੋਕਾਂ ਤੇ ਘੱਟ ਗਿਣਤੀਆਂ ਲਈ ਨਵੀਆਂ ਸੰਭਾਵਨਾਵਾਂ ਦੀ ਪ੍ਰਤੀਕ ਹੈ।

ਨਿਊ ਡੈਮੋਕ੍ਰੇਟਿਵ ਪਾਰਟੀ ਦੇ ਆਗੂ ਵਜੋਂ ਜਗਮੀਤ ਸਿੰਘ ਲਈ ਵੱਡੀ ਚੁਣੌਤੀ ਹੈ ਕਿ 21 ਅਕਤੂਬਰ 2019 ਨੂੰ ਹੋ ਰਹੀਆਂ ਚੋਣਾਂ ਹਨ । ਕੈਨੇਡਾ ਦੀਆਂ ਫੈਡਰਲ ਚੋਣਾਂ 'ਚ ਉਹ ਨਿਊ ਡੈਮੋਕਰੈਟਿਕ ਪਾਰਟੀ ਦੀ ਅਗਵਾਈ ਕਿੰਨੀ ਨਿਪੁੰਨਤਾ ਨਾਲ ਕਰ ਰਿਹਾ ਹੈ, ਇਸ ਦੀ ਮਿਸਾਲ ਉਸ ਨੇ 6 ਪਾਰਟੀਆਂ ਦੇ ਆਗੂਆਂ ਵਿਚਕਾਰ ਹੋਈ ਬਹਿਸ ਦੌਰਾਨ ਪੈਦਾ ਕਰ ਦਿੱਤੀ ਹੈ। ਕੈਨੇਡਾ ਭਰ ਦੇ ਨੈਸ਼ਨਲ ਮੀਡੀਏ ਨੇ ਡਿਬੇਟ ਵਿੱਚ ਜਗਮੀਤ ਸਿੰਘ ਦੀ ਹਾਜ਼ਰ-ਜੁਆਬੀ, ਨਾਪ-ਤੋਲ ਕੇ ਗੱਲ ਕਰਨ ਦੀ ਸਮਝ ਅਤੇ ਲੋੜ ਪੈਣ 'ਤੇ ਮਜ਼ਾਈਆ ਢੰਗ ਨਾਲ ਟਿਪਣੀ ਕਰਨ ਦਾ ਅੰਦਾਜ਼ ਨਾ ਸਿਰਫ਼ ਪੰਸਦ ਹੀ ਕੀਤਾ ਬਲਕਿ ਲੋਕਾਂ ਅੰਦਰ ਸਿਆਸੀ ਲੀਡਰਾਂ ਪ੍ਰਤੀ ਪੈਦਾ ਹੋ ਰਹੀ ਉਦਾਸੀਨਤਾ ਨੂੰ ਵੀ ਖਤਮ ਕਰਨ ਦਾ ਜ਼ਰੀਆ ਕਰਾਰ ਦਿੱਤਾ। ਜਗਮੀਤ ਸਿੰਘ ਵਲੋਂ ਇੰਮੀਗ੍ਰੇਸ਼ਨ ਵਿਰੋਧੀ ਪਾਰਟੀ ਦੇ ਆਗੂ ਮੈਕਸਿਮ ਬਰਨੀਏ ਨੂੰ ਉਸ ਦੀ ਨਸਲਵਾਦੀ ਪਹੁੰਚ ਲਈ ਖੁੱਲ੍ਹ ਕੇ ਨਿੰਦਣਾ ਅਤੇ ਡਿਬੇਟ 'ਚੋਂ ਬਾਹਰ ਹੋਣ ਤੱਕ ਦੀ ਗੱਲ ਕਹਿ ਦੇਣੀ ਉਸ ਦੀ ਨਿਡਰਤਾ ਅਤੇ ਪ੍ਰਭਾਵਸ਼ਾਲੀ ਪਹੁੰਚ ਦਾ ਪ੍ਰਤੀਕ ਮੰਨਿਆ ਜਾ ਰਿਹਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਬਣਨ ਵਾਲਾ ਪਹਿਲਾ ਗੈਰ-ਸਫੈਦ ਵਿਅਕਤੀ ਕੈਨੇਡਾ ਵਾਸੀਆਂ ਦੀਆਂ ਉਮੀਦਾਂ ਤੇ ਕਿੰਨਾ ਕੁ ਖਰਾ ਉੱਤਰੇਗਾ, ਇਸ ਦਾ ਪਤਾ ਤਾਂ 21 ਅਕਤੂਬਰ ਨੂੰ ਹੀ ਲੱਗੇਗਾ ਪਰ ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਜਗਮੀਤ ਸਿੰਘ ਨੇ ਉਨ੍ਹਾਂ ਸਿਆਸੀ ਪੰਡਤਾਂ ਨੂੰ ਝੂਠੇ ਕਰ ਦਿੱਤਾ ਹੈ ਜੋ ਇਹ ਕਹਿੰਦੇ ਸਨ ਕਿ ਉਸ ਅੰਦਰ ਚੰਗੀ ਲੀਡਰਸ਼ਿਪ ਅਤੇ ਅਨੁਭਵੀ ਪੱਖ ਦੇ ਗੁਣਾਂ ਦੀ ਘਾਟ ਹੈ। ਜਗਮੀਤ ਸਿੰਘ ਖਿਲਾਫ਼ ਗੋਰੇ ਵਿਅਕਤੀ ਵਲੋਂ ਕਿਊਬੈਕ 'ਚ ਕੀਤੀ ਗਈ ਇਹ ਟਿਪਣੀ ਕਿ ਉਹ ਆਪਣੀ ਪੱਗ ਉਤਾਰ ਦੇਵੇ ਅਤੇ 'ਜੇਹਾ ਦੇਸ ਤੇਹਾ ਭੇਸ' ਵਾਲਾ ਤਰੀਕਾ ਅਪਣਾਏ, ਦੀ ਜਵਾਬੀ ਟਿਪਣੀ ਜਗਮੀਤ ਸਿੰਘ ਵਲੋਂ ਬਹੁਤ ਸੁਲਝੇ ਢੰਗ ਨਾਲ ਦਿੱਤੀ ਗਈ। ਇਸ ਦੀ ਪ੍ਰਸੰਸਾ ਅਤੇ ਨਸਲੀ ਸੋਚ ਦੀ ਅਲੋਚਨਾ ਵਿਰੋਧੀ ਧਿਰ ਦੇ ਉਮੀਦਵਾਰਾਂ ਵਲੋਂ ਵੀ ਕੀਤੀ ਗਈ। ਇਸ ਦੌਰਾਨ ਫਾਸੀਵਾਦੀ ਸੋਚ ਵਾਲੇ ਮੋਦੀ ਭਗਤ ਅਤੇ ਆਰ. ਐਸ.ਐਸ. ਦੇ ਕੈਨੇਡਾ ਦੇ ਇੱਕ ਆਗੂ ਵਲੋਂ ਸਰੀ ਮੰਦਰ 'ਚ ਜਗਮੀਤ ਸਿੰਘ ਬਾਰੇ ਅਤਿ ਨੀਵੇਂ ਪੱਧਰ ਦੀਆਂ ਟਿਪਣੀਆਂ ਕੀਤੀਆਂ ਜਾਣਾ ਵੀ ਘਟੀਆਂ ਦੂਸ਼ਣਬਾਜ਼ੀ ਦਾ ਕੋਝਾ ਵਰਤਾਰਾ ਹੈ। ਪਰ ਦੁੱਖ ਇਸ ਗੱਲ ਦਾ ਹੈ ਕਿ ਨਾ ਕਿਸੇ ਐਨ.ਡੀ.ਪੀ. ਦੇ ਆਗੂ ਅਤੇ ਨਾ ਹੀ ਵਿਰੋਧੀ ਪਾਰਟੀ ਦੇ ਬੁਲਾਰੇ ਵਲੋਂ ਇਸ ਦੀ ਨਿਖੇਧੀ ਕੀਤੀ ਗਈ। ਜਗਮੀਤ ਸਿੰਘ ਨੇ ਕਸ਼ਮੀਰ 'ਚ ਹੋ ਰਹੇ ਮਨੁੱਖੀ ਹੱਕਾਂ ਦੇ ਘਾਣ ਸਮੇਤ ਦੁਨੀਆ ਦੇ ਹਰ ਮੁਲਕ ਦੀ ਫਾਸੀਵਾਦੀ ਨੀਤੀ ਦੀ ਅਲੋਚਨਾ ਕੀਤੀ ਹੈ, ਜੋ ਕਿ ਉਸ ਦੀ ਚੰਗੀ ਸੋਚ ਦਾ ਪ੍ਰਗਟਾਵਾ ਕਹੀ ਜਾ ਸਕਦੀ ਹੈ।

ਕੈਨੇਡਾ ਵਾਸੀਆਂ ਦੀ ਜਗਮੀਤ ਸਿੰਘ ਬਾਰੇ ਹੁਣ ਇਹ ਧਾਰਨਾ ਹੈ ਕਿ ਚਾਲੀ ਵਰ੍ਹਿਆਂ ਤੋਂ ਘੱਟ ਉਮਰ 'ਚ ਏਨਾ ਵੱਡਾ ਸਫ਼ਰ ਤੈਅ ਕਰਨਾ ਕੋਈ ਛੋਟੀ ਗੱਲ ਨਹੀਂ, ਪਰ ਅਜੇ ਉਸਨੇ ਲੰਮਾ ਪੈਂਡਾ ਤੈਅ ਕਰਨਾ ਹੈ। ਆਉਂਦੀਆਂ ਚੋਣਾਂ 'ਚ ਘੱਟ ਗਿਣਤੀ ਸਰਕਾਰ ਦੀ ਸੂਰਤ 'ਚ ਜਗਮੀਤ ਸਿੰਘ ਵਲੋਂ ਲਿਬਰਲ ਪਾਰਟੀ ਦੇ ਨੀਤੀ ਆਧਾਰ ਤੋਂ ਨਿਊ ਡੈਮੋਕ੍ਰੇਟਿਵ ਪਾਰਟੀ ਗਠਜੋੜ ਦੀ ਸੰਭਾਵਨਾ ਵੀ ਰੱਦ ਨਹੀਂ ਕੀਤੀ ਜਾ ਸਕਦੀ ਅਤੇ ਅਜਿਹੀ ਹਾਲਤ ਵਿੱਚ ਜਗਮੀਤ ਸਿੰਘ ਦੇ ਰੂਪ 'ਚ ਕੈਨੇਡਾ ਨੂੰ ਸਾਬਤ ਸੂਰਤ ਚੜ੍ਹਦੀ ਕਲਾ ਵਾਲਾ ਘੱਟ ਗਿਣਤੀਆਂ ਵਿੱਚੋਂ ਸੂਝਬੂਝ ਨਾਲ ਕਾਮਯਾਬ ਹੋਇਆ ਉੱਪ ਪ੍ਰਧਾਨ ਮੰਤਰੀ ਜਾਂ ਹੋਰ ਵੱਡੇ ਅਹੁੱਦੇ ਵਾਲਾ ਸਖਸ਼ ਮਿਲ ਸਕਦਾ ਹੈ। ਜਗਮੀਤ ਸਿੰਘ ਦਾ ਇਹ ਕਥਨ ਸਹੀ ਹੈ ਕਿ ਜਿਥੇ ਉਸਦੀ ਪਹਿਲ ਕੈਨੇਡਾ ਦੇ ਲੋਕਾਂ ਅਤੇ ਉਨ੍ਹਾਂ ਦੇ ਅੰਦਰੂਨੀ ਤੇ ਬਾਹਰੀ ਮਾਮਲਿਆਂ ਦੀ ਪ੍ਰਤਿਨਿਧਤਾ ਕਰਨੀ ਹੈ, ਉਥੇ ਦੁਨੀਆ ਦੇ ਹੋਰਨਾਂ ਸਾਰੇ ਦੇਸ਼ਾਂ ਪ੍ਰਤੀ ਉਸ ਦੀ ਪਾਰਟੀ ਦੀ ਨੀਤੀ ਇਕ ਬਰਾਬਰ ਹੈ, ਸਰਬੱਤ ਦੇ ਭਲੇ ਅਤੇ ਮਨੁੱਖੀ ਅਧਿਕਾਰਾਂ ਦੀ ਸੁਰਖਿਆ ਵਾਲੀ। ਸੱਚ ਤਾਂ ਇਹ ਹੈ ਕਿ ਜਗਜੀਤ ਸਿੰਘ ਨੂੰ ਜਿਵੇਂ - ਜਿਵੇਂ ਨਿੱਤ ਨਵੀਆਂ ਮੁਹਿੰਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਵੇਂ-ਉਵੇਂ ਉਹ ਮਜ਼ਬੂਤ ਆਗੂ ਬਣਕੇ ਸਾਹਮਣੇ ਆ ਰਿਹਾ ਹੈ। ਜਗਜੀਤ ਸਿੰਘ ਲਈ ਵੱਡੇ ਇਮਤਿਹਾਨ ਅਜੇ ਬਾਕੀ ਹਨ, ਜਿਨ੍ਹਾਂ 'ਚ ਉਸਦੀ ਕਾਬਲੀਅਤ ਪਰਖੀ ਜਾਣੀ ਹੈ ਤੇ ਦੁਨੀਆਂ ਨੇ ਉਸਦੀ ਸਮਰੱਥਾ ਨੂੰ ਅਜੇ ਜਾਨਣਾ ਹੈ।

## ਫਾਰੈਸਟ ਬੇਦਿੰਗ (ਵਣ ਇਸ਼ਨਾਨ)

-ਹਰਜੀਤ ਦਿਓਲ, ਬਰੈਂਪਟਨ-

ਤੁਸਾਂ ਜਲ ਇਸ਼ਨਾਨ ਧੁੱਪ ਇਸ਼ਨਾਨ ਅਤੇ ਸ਼ਾਇਦ ਚਿੱਕੜ ਇਸ਼ਨਾਨ ਬਾਰੇ ਜਰੂਰ ਸੁਣਿ-ਆ ਹੋਣੈ ਪਰ ਇੱਕ ਹੋਰ ਇਸ਼ਨਾਨ ਬਾਰੇ ਪਤਾ ਲੱਗਾ ਜਦ ਮੈਂ ਡਾਕਟਰ ਦੇ ਵਾਕ ਇਨ ਕਲੀਨਿਕ ਵਿੱਚ ਆਪਣੀ ਵਾਰੀ ਉਡੀਕਦਿਆਂ ਉੱਥੇ ਪਏ ਕੁਝ ਰਸਾਲੇ ਫਰੋਲਣ ਲੱਗਾ। ਇੱਕ ਲੇਖ ਵਿੱਚ ਬੜੀ ਦਿਲਚਸਪ ਜਾਣਕਾਰੀ ਹਾਸਲ ਹੋਈ। ਜਾਪਾਨ ਦੇ ਕਿਸੇ ਡਾਕਟਰ ਕਿੰਗ ਲੀ ਨੇ ਇੱਕ ਕਿਤਾਬ ਲਿਖੀ ਹੈ ਸ਼ਿਨਰਿਨ ਯੋਕੂ' ਸ਼ਿਨਰਿਨ ਕਹਿੰਦੇ ਜੰਗਲ ਅਤੇ ਯੋਕੂ ਦਾ ਮਤਲਬ ਇਸ਼ਨਾਨ ਭਾਵ ਫਾਰੈਸਟ ਬੇਦਿੰਗ ਜਾਂ ਵਣ ਇਸ਼ਨਾਨ। ਸੈਂਕੜੇ ਸਾਲ ਪਹਿਲਾਂ ਤੋਂ ਮਨੁੱਖ ਨੇ ਜਾਣ ਲਿਆ ਸੀ ਕਿ ਕੁਦਰਤ ਨਾਲ ਨੇੜਤਾ ਇਨਸਾਨੀ ਸਿਹਤ ਲਈ ਲਾਭਦਾਇਕ ਹੈ। ਮਹਾਤਮਾ ਗਾਂਧੀ ਨੇ ਕੁਦਰਤੀ ਉਪਚਾਰਾਂ ਬਾਰੇ ਆਪਣੇ ਤਜਰਬੇ ਆਪਣੀਆਂ ਲਿਖਤਾਂ ਰਾਹੀਂ ਸਾਂਝੇ ਕੀਤੇ ਹਨ। ਸਰ ਅਡੋਲਫ ਜਸਟ ਨਾਮੀ ਇਕ ਪ੍ਰਕਰਿਤੀ ਪ੍ਰੇਮੀ ਨੇ ਆਪਣੀ ਪੁਸਤਕ ' ਰਿਟਰਨ ਟੂ ਨੇਚਰ' ਵਿੱਚ ਕੁਦਰਤ ਨਾਲ ਮਨੁੱਖੀ ਸੇਹਤ ਦਾ ਤਾਲਮੇਲ ਬਿਆਨਿਆ ਹੈ। ਕਵੀਆਂ ਨੇ ਆਪਣੇ ਸ਼ਬਦਾਂ ਨਾਲ ਅਤੇ ਚਿੱਤਰਕਾਰਾਂ ਆਪਣੇ ਰੰਗ ਅਤੇ ਬਰੁਸ਼ਾਂ ਨਾਲ ਕੁਦਰਤ ਦੀ ਸੁੰਦਰਤਾ ਨੂੰ ਚਿਤਰਿਆ ਹੈ। ਅਕਸਰ ਹਸਪਤਾਲਾਂ ਵਿੱਚ ਵੀ ਬੜੇ ਮਨਮੋਹਕ ਲੈਂਡਸਕੇਪ (ਕੁਦਰਤੀ ਦ੍ਰਿਸ਼) ਦੀਵਾਰਾਂ 'ਤੇ ਲੱਗੇ ਮਿਲਦੇ ਹਨ ਕਿਓਂਕਿ ਇਹ ਮਰੀਜਾਂ ਨੂੰ ਮਾਨਸਕ ਸਕੂਨ ਪਹੁੰਚਾਉਣ ਦਾ ਕਾਰਗਰ ਵਸੀਲਾ ਹੁੰਦੇ ਹਨ। ਵਿਗਿਆਨੀਆਂ ਖੋਜਾਂ ਰਾਹੀਂ ਨਤੀਜੇ ਕੱਢੇ ਹਨ ਕਿ ਕੁਦਰਤ ਨਾਲ ਦੋਸਤੀ ਬੜੀ ਲਾਹੇਵੰਦ ਹੈ। ਇੱਕ ਮਹਿਲਾ ਨੇ ਆਪਣਾ ਤਜਰਬਾ ਸਾਂਝਾ ਕਰਦਿਆਂ ਲਿਖਿਆ ਹੈ ਕਿ ਰੋਜਮਰ੍ਹਾ ਦੀ ਮਸ਼ੀਨੀ ਜਿੰਦਗੀ ਤੋਂ ਅੱਕ ਕੇ ਉਸ ਨੇ ਆਪਣੀ ਮਾਨਸਕ ਅਤੇ ਸ਼ਰੀਰਕ ਅਰੋਗਤਾ ਲਈ ਫਾਰੈਸਟ ਬੇਦਿੰਗ ਦਾ ਪ੍ਰਯੋਗ ਕਰਨ ਬਾਰੇ ਫੈਸਲਾ ਕੀਤਾ ਅਤੇ ਕੰਮ ਤੋਂ ਲੰਮੀ ਛੁੱਟੀ ਲੈ ਕਿਸੇ ਘਣੇ ਜੰਗਲਾਂ ਵਾਲੇ ਇਲਾਕੇ ਜਾ ਡੇਰੇ ਲਾਏ। ਇਸ ਪੱਧਤੀ ਦੀਆਂ ਹਿਦਾਇਤਾਂ ਮੁਤਾਬਕ ਓਹ ਬਿਨਾ ਕੈਮਰਾ ਅਤੇ ਫੋਨ ਦੇ ਘਣੇ ਜੰਗਲ ਵਿੱਚ ਜਾ ਕੁਝ ਘੰਟੇ ਉੱਥੇ ਬਿਤਾਉਂਦੀ। ਦਰੱਖਤਾਂ ਦੇ ਪੱਤਿਆਂ ਨਾਲ ਖਹਿ ਕੇ ਲੰਘਦੀ ਹਵਾ ਦੀ ਆਵਾਜ਼ 'ਤੇ ਪੰਛੀਆਂ ਦੀਆਂ ਚਹਿਚਹਾਟਾਂ ਦਾ ਸੰਗੀਤ ਸੁਣਦੀ। ਵਹਿੰਦੇ ਪਾਣੀ ਦੀ ਕਲ ਕਲ ਨਾਲ ਇੱਕਸੁਰਤਾ ਰੱਖ ਪੈਰ ਪਾਣੀ ਵਿੱਚ ਡੁਬੋ ਲੈਂਦੀ। ਦਰੱਖਤਾਂ ਦੇ ਪੱਤਿਆਂ ਵਿੱਚੋਂ ਛਣ ਕੇ ਆਉਂਦੀ ਧੁੱਪ ਦਾ ਸੇਕ ਮਾਣਦੀ। ਉਸਦੀਆਂ ਪੰਜੇ ਇੰਦਰੀਆਂ ਨੱਕ, ਕੰਨ, ਅੱਖਾਂ, ਮੂੰਹ ਅਤੇ ਚਮੜੀ ਕੁਦਰਤ ਦੀਆਂ ਘੁੱਟਾਂ ਭਰਦਿਆਂ ਅਲੋਕਾਰ ਮਾਨਸਕ ਸਕੂਨ ਦਾ ਅਨੁਭਵ ਕਰਦੀਆਂ। ਆਪਣੀ ਵੇਕੇਸ਼ਨ ਤੋਂ ਵਾਪਸ ਪਰਤ ਉਸ ਨੇ ਆਪਣੇ ਆਪ ਨੂੰ ਵਿਲੱਖਣ ਰੂਪ ਵਿੱਚ ਨਰੋਆ ਮਹਿਸੂਸ ਕੀਤਾ। ਜਿੰਦਗੀ ਦੇ ਤਨਾਓ ਗਾਇਬ ਹੋ ਗਏ ਸਨ ਤੇ ਓਹ ਇੱਕ ਨਵੀਂ ਊਰਜਾ ਨਾਲ ਭਰ ਗਈ ਸੀ। ਉਸ ਦਾ ਤਜਰਬਾ ਸਫਲ ਰਿਹਾ ਸੀ। ਇੱਕ ਰਿਪੋਰਟ ਅਨੁਸਾਰ ਇੱਕ ਔਸਤ ਅਮਰੀਕੀ ਆਪਣਾ 93% ਸਮਾਂ ਇਨਡੋਰ (ਇਮਾਰਤਾਂ ਅੰਦਰ) ਬਿਤਾਉਂਦਾ ਹੈ। ਅੰਦਾਜਨ 2050 ਤੱਕ ਦੁਨਿਆਂ ਦੀ 66% ਅਬਾਦੀ ਕੰਕਰੀਟਾਂ ਦੇ ਜੰਗਲ ਭਾਵ ਸ਼ਹਿਰਾਂ ਵਿੱਚ ਰਹਿਣ ਲੱਗ ਜਾਵੇਗੀ। ਮਸ਼ੀਨੀ ਜੀਵਨ ਚੱਕਰ ਅਤੇ ਕੁਦਰਤ ਤੋਂ ਦੂਰੀ ਮਾਨਸਕ ਅਤੇ ਸ਼ਰੀਰਕ ਗੁੰਝਲਾਂ ਦਾ ਕਾਰਣ ਬਣ ਰਹੀ ਹੈ ਪਰ ਜੇਕਰ ਰੋਜਾਨਾ ਦੋ ਘੰਟੇ ਕਿਸੇ ਤਰ੍ਹਾਂ ਵਣ ਇਸ਼ਨਾਨ ਦਾ ਮੌਕਾ ਪੈਦਾ ਕਰ ਲਿਆ ਜਾਵੇ ਤਾਂ ਕਾਫੀ ਹਦ ਤੱਕ ਜਿੰਦਗੀ ਦੇ ਤਨਾਓ ਅਤੇ ਅਵਸਾਦਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ। ਜਿਆਦਾ ਨਾ ਸਹੀ ਤਾਂ ਘਣੇ ਦਰੱਖਤਾਂ ਵਿਚਕਾਰ ਪਾਣੀ ਦੇ ਸੋਮਿਆਂ ਲਾਗੇ ਸੈਰ ਕਰਦਿਆਂ ( ਬਿਨਾ ਈਅਰ ਫੋਨ ਤੋਂ) ਕੁਝ ਸਮਾਂ ਕੁਦਰਤ ਨਾਲ ਗੁਫਤਗੂ ਕੀਤੀ ਜਾ ਸਕਦੀ ਹੈ ਜਿਸ ਨਾਲ ਸ਼ਰੀਰਕ ਬੈਟਰੀ ਰਿਚਾਰਜ ਹੁੰਦੀ ਰਹੇ। ਧਰਮ ਅਸਥਾਨਾਂ ਵਿੱਚ ਜੋ ਆਤਮਕ ਸਕੂਨ ਪਰੋਸਿਆ ਜਾਂਦਾ ਹੈ ਓਹ ਬਿਨਾ ਮੀਟਰ ਤੋਂ ਕੁੰਡੀ ਲਾ ਕੇ ਸਿੱਧਾ ਕੁਦਰਤ ਤੋਂ ਪਰਾਪਤ ਕੀਤਾ ਜਾ ਸਕਦਾ ਹੈ। ਜਰੂਰਤ ਹੈ ਤਾਂ ਸਿਰਫ ਕੁਦਰਤ ਦੀ ਨੇੜਤਾ ਦਾ ਨਿੱਘ ਮਾਣ ਸਕਣ ਦੀ।

## -ਹਲਕਾ ਫੁਲਕਾ-

ਕਵੀ (ਪਤਨੀ ਨੂੰ), ''ਹਮੇਂ ਤੋਂ ਅਪਨੋ ਨੇ ਲੂਟਾ, ਗੈਰੋਂ ਮੇਂ ਕਹਾਂ ਦਮ ਥਾ। ਹਮਾਰੀ ਕਸ਼ਤੀ ਵਹਾਂ ਡੂਬੀ, ਜਹਾਂ ਪਾਨੀ ਕਮ ਥਾ।''

ਇਸ 'ਤੇ ਕਵੀ ਦੀ ਪਤਨੀ ਨੇ ਜਵਾਬ ਦਿੰਦਿਆਂ ਫਰਮਾਇਆ, ''ਤੁਮ ਤੋ ਥੇ ਹੀ ਗਧੇ, ਤੁਮਹਾਰੇ ਭੇਜੇ ਮੇਂ ਕਹਾਂ ਦਮ ਥਾ? ਵਹਾਂ ਕਸ਼ਤੀ ਲੇਕਰ ਗਏ ਹੀ ਕਿਉਂ, ਜਹਾਂ ਪਾਨੀ ਕਮ ਥਾ।''

*********

ਅਧਿਆਪਕ (ਨਿਤਿਨ ਨੂੰ), ''ਚੰਗੇ ਕੰਮ ਕਰਨ ਵਾਲੇ ਹਮੇਸ਼ਾ ਸਵਰਗ ਨੂੰ ਜਾਂਦੇ ਹਨ, ਤੂੰ ਦੱਸ ਕਿੱਥੇ ਜਾਵੇਂਗਾ?''

ਨਿਤਿਨ, ''ਨਹੀਂ ਸਰ, ਮੈਂ ਸਵਰਗ ਨਹੀਂ ਜਾ ਸਕਦਾ। ਮਾਂ ਨੇ ਸਕੂਲ ਤੋਂ ਸਿੱਧਾ ਘਰ ਆਉਣ ਲਈ ਕਿਹਾ ਹੈ।''

*********

ਇੱਕ ਪਤਨੀ ਬੜੀ ਸ਼ੱਕੀ ਸੁਭਾਅ ਦੀ ਸੀ। ਜਦੋਂ ਵੀ ਉਸ ਦਾ ਪਤੀ ਬਾਹਰੋਂ ਘਰ ਆਉਂਦਾ ਤਾਂ ਉਹ ਉਸ ਦੀ ਜਾਂਚ ਪੜਤਾਲ ਕਰਦੀ। ਜੇ ਪਤੀ ਦੇ ਕੱਪੜਿਆਂ 'ਤੇ ਕੋਈ ਵਾਲ ਵੀ ਨਜ਼ਰ ਆ ਜਾਂਦਾ ਤਾਂ ਉਹ ਅਸਮਾਨ ਸਿਰ 'ਤੇ ਚੁੱਕ ਲੈਂਦੀ। ਇੱਕ ਵਾਰ ਪਤੀ ਦੇ ਕੱਪੜਿਆਂ 'ਤੇ ਵਾਲ ਦਾ ਨਾਮੋ ਨਿਸ਼ਾਨ ਨਾ ਦੇਖ ਕੇ ਵੀ ਉਹ ਜ਼ੋਰ-ਜ਼ੋਰ ਨਾਲ ਰੋਣ ਲੱਗੀ ਅਤੇ ਬੋਲੀ, ''ਹਾਏ ਰੱਬਾ, ਅੱਜਕੱਲ੍ਹ ਗੰਜੀਆਂ ਔਰਤਾਂ ਵੀ...।''

ਪਿੰਡ ਟੱਲੇਵਾਲ ਜਿਲ੍ਹਾ ਬਰਨਾਲਾ ਦੀ ਸੰਗਤ
ਵਲੋਂ ਸੰਤ ਬਾਬਾ ਲਾਲ ਸਿੰਘ ਜੀ (ਬਰੱਕਤ)
ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਟੱਲੇਵਾਲ ਜਿਲ੍ਹਾ ਬਰਨਾਲਾ ਦੀ ਸੰਗਤ ਵਲੋਂ ਸੰਤ ਲਾਲ ਸਿੰਘ ਬਰੱਕਤ ਜੀ ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ 25 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਿਖ ਹੈਰੀਟੇਜ ਸੈਂਟਰ ਤੇ 10 ਵਜੇ ਆਰੰਭ ਕੀਤੇ ਜਾ ਰਹੇ ਹਨ ਤੇ ਭੋਗ 27 ਅਕਤੂਬਰ ਦਿਨ ਐਤਵਾਰ ਨੂੰ 12 ਵਜੇ ਨੂੰ ਪਾਏ ਜਾਣਗੇ। ਉਪਰੰਤ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।


Sikh Heritage Centre
11796 Airport Rd, Brampton, ON L6R 0C7

ਜਗਦੇਵ ਸਿੰਘ: 437-241-6044
ਜਸਵਿੰਦਰ ਸਿੰਘ: 416-819-5540
ਮਨਿੰਦਰ ਸਿੰਘ (ਮਨੂੰ): 416-939-9866
ਨਿਸ਼ਾਨ ਸਿੰਘ ਤੂੰਗ: 647-407-0013
ਜਾਂ 905-789-5955

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



## ਪਬ-ਜੀ ਗੇਮ ਦੇ ਚਸਕੇ ਨੇ ਨੌਜਵਾਨ ਦੀ ਜਾਨ ਲੈ ਲਈ

ਮੋਗਾ, 15 ਅਕਤੂਬਰ (ਪੋਸਟ ਬਿਊਰੋ)- ਸਥਾਨਕ ਅਕਾਲਸਰ ਰੋਡ ਵਿਖੇ ਪਬ-ਜੀ ਗੇਮ ਖੇਡਣ ਦੇ ਸ਼ੌਕੀਨ 22 ਸਾਲਾਂ ਨੌਜਵਾਨ ਨੇ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ ਹੈ। ਥਾਣਾ ਸਿਟੀ ਸਾਊਥ ਦੇ ਹੌਲਦਾਰ ਗੁਰਪ੍ਰੀਤ ਸਿੰਘ ਦੇ ਮੁਤਾ-ਬਕ ਮ੍ਰਿਤਕ ਦੇ ਭਰਾ ਬੱਬੂ ਨੇ ਦੱਸਿਆ ਹੈ ਕਿ ਮ੍ਰਿਤਕ ਵਿਜੈ ਕੁਮਾਰ, ਜੋ ਵਿਆਹ ਸ਼ਾਦੀਆਂ ਵਿੱਚ ਤੰਦੂਰ ਤੇ ਰੋਟੀਆਂ ਬਣਾਉਣ ਦਾ ਕੰਮ ਕਰਦਾ ਸੀ, ਦੋ ਮਹੀਨਿਆਂ ਤੋਂ ਫੋਕਲ ਪੁਆਇੰਟ ਵਿਖੇ ਇੱਕ ਪਲਾ-ਸਟਿਕ ਦੀ ਫੈਕਟਰੀ ਵਿੱਚ ਕੰਮ ਕਰਦਾ ਸੀ ਅਤੇ ਬੀਤੀ ਰਾਤ ਕਰੀਬ ਸਾਢੇ 10 ਵਜੇ ਉਸਨੇ ਆਪਣੇ ਕਮਰੇ ਵਿੱਚ ਗਲ ਵਿੱਚ ਚੁੰਨੀ ਪਾ ਕੇ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਵਿਜੇ ਕੁਮਾਰ ਪਿਛਲੇ ਕਈ ਦਿਨਾਂ ਤੋਂ ਪਰੇਸ਼ਾਨ ਸੀ ਤੇ ਉਸ ਨੇ ਸ਼ਰਾਬ ਪੀਤੀ ਹੋਈ ਸੀ। ਮ੍ਰਿਤਕ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਵਿਜੇ ਕੁਮਾਰ ਪਬ-ਜੀ ਗੇਮ ਖੇਡਣ ਦਾ ਬਹੁਤ ਜ਼ਿਆਦਾ ਸ਼ੌਕੀਨ ਸੀ ਤੇ ਤਕਰੀਬਨ ਸਾਰੀ-ਸਾਰੀ ਰਾਤ ਗੇਮ ਖੇਡਦਾ ਰਹਿੰਦਾ ਸੀ। ਇਸ ਕਰਕੇ ਰਾਤ ਨੂੰ ਵੀ ਘੱਟ ਸੌਂਦਾ ਸੀ।

ਗੁਰਪੁਰਬ ਸਮਾਗਮਾਂ ਦਾ ਮੁੱਦਾ

## ਸੁਖਬੀਰ ਦੇ ਇਸ਼ਾਰੇ ਉੱਤੇ ਸ਼੍ਰੋਮਣੀ ਕਮੇਟੀ ਵੱਲੋਂ ਟੈਂਟਾਂ ਦੇ ਟੈਂਡਰ ਅਯੋਗ ਕੰਪਨੀ ਨੂੰ ਦੇਣ ਦਾ ਦੋਸ਼

ਸੁਲਤਾਨਪੁਰ ਲੋਧੀ, 15 ਅਕਤੂਬਰ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਨਵਤੇਜ ਸਿੰਘ ਚੀਮਾ ਅਤੇ ਹਲਕਾ ਪੱਟੀ ਤੋਂ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦਾ ਟੈਂਡਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ 'ਤੇ ਇੱਕ ਅਯੋਗ ਕੰਪਨੀ ਨੂੰ ਦੇਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਸੰਗਤ ਦੇ ਪੈਸੇ ਦੀ ਲੁੱਟ ਕਰਨ ਦੇ ਮਕਸਦ ਨਾਲ ਇਹ ਟੈਂਡਰ ਅਲਾਟ ਕੀਤਾ ਗਿਆ ਹੈ।



ਸਥਾਨਕ ਪੀ ਡਬਲਯੂ ਡੀ ਰੈਸਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੋਵਾਂ ਵਿਧਾਇਕਾਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਕਹਿਣ 'ਤੇ ਸ਼੍ਰੋਮਣੀ ਕਮੇਟੀ ਨੇ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਸਾਂਝੇ ਤੌਰ 'ਤੇ ਮਨਾਉਣ ਦੇ ਪੰਜਾਬ ਸਰਕਾਰ ਦੇ ਯਤਨਾਂ ਨੂੰ ਤਾਰਪੀਡੋ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਜਾਰੀ ਹੁਕਮਾਂ ਅਨੁਸਾਰ ਬਣਾਈ ਤਾਲਮੇਲ ਕਮੇਟੀ ਵੱਲੋਂ ਸਮਾਗਮਾਂ ਦੀ ਰੂਪ ਰੇਖਾ ਉਲੀਕਣ ਲਈ 17 ਸਤੰਬਰ ਦੀ ਮੀਟਿੰਗ ਰੱਖੀ ਗਈ ਸੀ, ਪਰ ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਹੁਕਮ ਅਦੂਲੀ ਕਰਦਿਆਂ 13 ਸਤੰਬਰ ਨੂੰ ਹੀ ਟੈਂਡਰਾਂ ਦੀ ਮੰਗ ਕਰ ਲਈ ਅਤੇ ਸ਼੍ਰੋਮਣੀ ਕਮੇਟੀ ਨੇ ਨੋਇਡਾ ਦੀ ਜਿਹੜੀ ਸ਼ੋਅ ਕਰਾਫਟ ਪ੍ਰਾਈਵੇਟ ਲਿਮਟਿਡ ਕੰਪਨੀ ਨੂੰ 9.26 ਕਰੋੜ ਰੁਪਏ ਦਾ ਟੈਂਡਰ ਦਿੱਤਾ ਹੈ, ਉਸ ਦਾ ਕੈਪੀਟਲ ਸ਼ੇਅਰ ਕੇਵਲ ਪੰਜ ਲੱਖ ਰੁਪਏ ਹੈ ਅਤੇ ਉਸ ਦੇ ਕੋਲ ਕੇਵਲ 20 ਮੁਲਾਜ਼ਮ ਹੀ ਕੰਮ ਕਰ ਰਹੇ ਹਨ। ਦੋਵਾਂ ਵਿਧਾਇਕਾਂ ਨੇ ਸਵਾਲ ਉਠਾਇਆ ਕਿ ਵੱਡੇ ਪੱਧਰ 'ਤੇ ਹੋਣ ਵਾਲੇ ਸਮਾਗਮਾਂ ਨੂੰ ਇਹ ਕੰਪਨੀ ਕਿਸ ਤਰ੍ਹਾਂ ਨੇਪਰੇ ਚਾੜ੍ਹ ਸਕੇਗੀ, ਜਦ ਕਿ ਉਸ ਕੋਲ ਮਨੁੱਖੀ ਸਰੋਤ ਹੀ ਨਹੀਂ।

ਇਹੀ ਨਹੀਂ, ਦੋਵਾਂ ਵਿਧਾਇਕਾਂ ਨੇ ਕਿਹਾ ਕਿ ਇੱਕ ਡਰੋਨ ਸ਼ੋਅ ਉਪਰ ਹੀ ਇੱਕ ਕਰੋੜ 75 ਲੱਖ ਦਾ ਟੈਂਡਰ ਜਾਰੀ ਕੀਤਾ ਗਿਆ, ਜੋ ਸੰਗਤ ਦੇ ਪੈਸੇ ਦੀ ਸਿੱਧੀ ਲੁੱਟ ਹੈ। ਉਨ੍ਹਾਂ ਪ੍ਰਗਟਾਵਾ ਕੀਤਾ ਕਿ ਸ਼੍ਰੋਮਣੀ ਕਮੇਟੀ ਨੇ ਸਮਾਗਮਾਂ ਤੋਂ ਪਹਿਲਾਂ ਹੀ ਉਸ ਕੰਪਨੀ ਨੂੰ ਪੰਜਾਹ ਫੀਸਦੀ ਰਕਮ, ਜੋ ਚਾਰ ਕਰੋੜ ਰੁਪਏ ਤੋਂ ਵੱਧ ਹੈ, ਐਡਵਾਂਸ ਵਿੱਚ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਮਾਗਮਾਂ ਤੋਂ ਪਹਿਲਾਂ ਹੀ ਕੰਪਨੀ ਨੂੰ ਨੱਬੇ ਫੀਸਦੀ ਅਦਾਇਗੀ ਕਰਨ ਦੀ ਸ਼ਰਤ ਨਾਲ ਸੰਗਤ ਦੇ ਪੈਸੇ ਦੀ ਅੰਨ੍ਹੀ ਲੁੱਟ ਕੀਤੀ ਗਈ ਹੈ। ਦੋਵਾਂ ਵਿਧਾਇਕਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਆਪਣੇ ਸਿਆਸੀ ਆਕਾਵਾਂ ਦੇ ਕਹੇ ਉੱਤੇ ਅਜਿਹੀਆਂ ਫਰਮਾਂ ਦੇ ਟੈਂਡਰ ਰੱਦ ਕਰ ਦਿੱਤੇ, ਜੋ ਇਹ ਸਮਾਗਮ ਦੋ ਕਰੋੜ ਰੁਪਏ ਵਿੱਚ ਕਰਨ ਨੂੰ ਤਿਆਰ ਸਨ।

ਬੀਬੀ ਹਰਸਿਮਰਤ ਕੌਰ ਬਾਦਲ ਵੱਲੋਂ ਸਾਂਝੇ ਸਮਾਗਮਾਂ ਬਾਰੇ ਕੀਤੀ ਜਾਂਦੀ ਬਿਆਨਬਾਜ਼ੀ ਦਾ ਨੋਟਿਸ ਲੈਂਦਿਆਂ ਇਨ੍ਹਾਂ ਦੋਵਾਂ ਵਿਧਾਇਕਾਂ ਨੇ ਕਿਹਾ ਕਿ ਖਾਲਸਾ ਸਾਜਨਾ ਦੇ 300 ਸਾਲਾ ਦਿਵਸ ਮੌਕੇ 1999 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਸਰਕਾਰ ਵੱਲੋਂ ਲਾਈ ਸਟੇਜ ਤੋਂ ਮੁੱਖ ਸਮਾਗਮ ਹੋਏ ਸਨ, ਸ਼੍ਰੋਮਣੀ ਕਮੇਟੀ ਨੇ ਕੇਵਲ ਧਾਰਮਿਕ ਸਟੇਜ ਲਾਈ ਸੀ। ਉਨ੍ਹਾਂ ਦੱਸਿਆ ਕਿ ਉਸ ਵੇਲੇ ਮਰਹੂਮ ਕੈਬਨਿਟ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ ਸਟੇਜ ਸੰਭਾਲੀ ਤੇ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੀ ਪੁੱਜੇ ਸਨ। ਉਨ੍ਹਾਂ ਅਕਾਲੀ ਆਗੂਆਂ ਨੂੰ ਚੇਤੇ ਕਰਾਇਆ ਕਿ ਸਾਲ 2015 ਦੌਰਾਨ ਆਨੰਦਪੁਰ ਸਾਹਿਬ ਦੇ 300 ਸਾਲਾ ਮੌਕੇ ਵੀ ਪੰਜਾਬ ਸਰਕਾਰ ਦੀ ਸਟੇਜ ਤੋਂ ਹੀ ਮੁੱਖ ਸਮਾਗਮ ਹੋਏ ਸਨ, ਜਿਸ ਦੌਰਾਨ ਸਟੇਜ ਕੈਬਨਿਟ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ ਨੇ ਸੰਭਾਲੀ ਸੀ। ਉਨ੍ਹਾਂ ਕਿਹਾ ਕਿ ਉਸ ਸਮੇਂ ਅੰਮ੍ਰਿਤਸਰ ਦੀ ਇੱਕ ਫਰਮ ਨੂੰ ਇੱਕ ਕਰੋੜ 86 ਲੱਖ ਰੁਪਏ ਦੀ ਅਦਾਇਗੀ ਵੀ ਹੋਈ ਸੀ। ਉਨ੍ਹਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਬੇਨਤੀ ਕੀਤੀ ਕਿ ਉਹ ਸੰਗਤ ਦੇ ਪੈਸੇ ਦੀ ਲੁੱਟ ਰੋਕਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਟੈਂਡਰ 'ਤੇ ਰੋਕਣ ਦੇ ਹੁਕਮ ਦੇਣ ਤੇ ਇਸ ਪੈਸੇ ਦੀ ਵਰਤੋਂ ਸੁਲਤਾਨਪੂਰ ਲੋਧੀ ਵਿਖੇ ਸੰਗਤ ਦੀ ਸੇਵਾ ਲਈ ਨਾਮੀ ਹਸਪਤਾਲ ਖੋਲ੍ਹਣ 'ਤੇ ਕੀਤੀ ਜਾਵੇ।

## ਦਸਵੀਂ ਵਿੱਚ ਤਿੰਨ ਨੰਬਰ ਆਏ, ਮੁੱਖ ਮੰਤਰੀ ਨੂੰ ਸ਼ਿਕਾਇਤ ਕੀਤੀ ਤਾਂ ਚਾਲੀ ਮਿਲੇ

ਬਠਿੰਡਾ, 15 ਅਕਤੂਬਰ (ਪੋਸਟ ਬਿਊਰੋ)- ਪੰਜਾਬ ਸਕੂਲ ਸਿਖਿਆ ਬੋਰਡ ਫਿਰ ਚਰਚਾ ਵਿੱਚ ਹੈ। ਇੱਕ ਦਿਵਿਆਂਗ ਵਿਦਿਆਰਥੀ ਬੋਰਡ ਅਫਸਰਾਂ ਦੀ ਲਾਪਰਵਾਹੀ ਕਾਰਨ ਪਰੇਸ਼ਾਨ ਹੋ ਗਿਆ। ਵਿਦਿਆਰਥੀ ਹਿਤੇਸ਼ ਗੋਇਲ ਪੜ੍ਹਾਈ ਵਿੱਚ ਹੁਸ਼ਿਆਰ ਹੈ, ਪਰ ਪਿਛਲੇ ਸਾਲ ਦਸਵੀਂ ਬੋਰਡ ਦੇ ਇਮਤਿਹਾਨ ਵੇਲੇ ਉਸ ਦੇ ਸਰੀਰਕ ਸਿਖਿਆ ਦੇ ਪੇਪਰ ਵਿੱਚ ਸਿਰਫ ਤਿੰਨ ਨੰਬਰ ਦਿੱਤੇ ਗਏ। ਜਦ ਮਾਪਿਆਂ ਨੇ ਇਸ ਦੀ ਸ਼ਿਕਾਇਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਕੀਤੀ ਤਾਂ ਬੋਰਡ ਨੇ ਤਿੰਨ ਨੰਬਰਾਂ ਦੀ ਜਗ੍ਹਾ ਚਾਲੀ ਨੰਬਰ ਦੀ ਡਿਟੇਲ ਮਾਰਕਸਸ਼ੀਟ (ਡੀ ਐੱਮ ਸੀ) ਭੇਜ ਦਿੱਤੀ।

ਬਠਿੰਡਾ ਦੇ ਭੋਜਰਾਜ ਜੈਨ ਸਕੂਲ ਵਿੱਚ ਪੜ੍ਹਦੇ ਦਿਵਿਆਂਗ (ਅੰਗਹੀਣ) ਵਿਦਿਆਰਥੀ ਹਿਤੇਸ਼ ਗੋਇਲ ਦਾ ਜਦ ਦਸਵੀਂ ਬੋਰਡ ਦਾ ਨਤੀਜਾ ਆਇਆ ਤਾਂ ਉਹ ਹੈਰਾਨ ਹੋਇਆ ਕਿ ਸਰੀਰਕ ਸਿਖਿਆ ਵਿੱਚੋਂ ਉਸ ਨੂੰ ਸਿਰਫ ਤਿੰਨ ਨੰਬਰ ਮਿਲੇ ਸਨ। ਇਸ ਤੋਂ ਉਸ ਨੇ ਆਪਣੇ ਘਰ ਦਿਆਂ ਨੂੰ ਕਿਹਾ ਕਿ ਉਸ ਦਾ ਪੇਪਰ ਚੰਗਾ ਹੋਇਆ ਸੀ। ਉਸ ਦੇ ਕਹਿਣ 'ਤੇ ਉਨ੍ਹਾਂ ਦੇ ਪਿਤਾ ਸੰਦੀਪ ਗੋਇਲ ਨੇ ਪੀ ਐੱਸ ਈ ਬੀ ਵਿੱਚ ਰੀਵੈਲਿਊਏਸ਼ਨ ਦੀ ਫੀਸ ਜਮ੍ਹਾ ਕਰਾ ਦਿੱਤੀ। ਡੇਢ ਮਹੀਨੇ ਤੱਕ ਰੀਵੈਲਿਊਏਸ਼ਨ ਦੇ ਨਤੀਜੇ ਦੀ ਉਡੀਕ ਕੀਤੀ। ਜਦ ਰਿਜਲਟ ਆਇਆ ਤਾਂ ਉਸ ਵਿੱਚ ਵੀ ਸਿਰਫ ਤਿੰਨ ਨੰਬਰ ਸਨ।

ਹਿਤੇਸ਼ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਉਸ ਦੇ ਤਿੰਨ ਨੰਬਰ ਆ ਸਕਦੇ ਹਨ। ਇਸ ਕਾਰਨ ਬੇਟੇ ਦੀ ਮੰਗ 'ਤੇ ਸੰਦੀਪ ਗੋਇਲ ਨੇ ਪੇਪਰ ਨੂੰ ਦੋਬਾਰਾ ਚੈਕ ਕਰਨ ਦਾ ਪ੍ਰੋਸੈਸ ਸ਼ੁਰੂ ਕਰਾਇਆ। ਉਨ੍ਹਾਂ ਨੇ 22 ਅਗਸਤ 2010 ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸ਼ਿਕਾਇਤ ਕੀਤੀ। ਇਸ ਦੇ ਬਾਅਦ ਮੁੱਖ ਮੰਤਰੀ ਦਫਤਰ ਦੇ ਹੁਕਮਾਂ 'ਤੇ ਹਿਤੇਸ਼ ਦਾ ਪੇਪਰ ਦੋਬਾਰਾ ਚੈਕ ਕਰਾਇਆ ਗਿਆ। ਬੋਰਡ ਦੇ ਅਧਿਕਾਰੀਆਂ ਵੱਲੋਂ 26 ਸਤੰਬਰ ਨੂੰ ਹਿਤੇਸ਼ ਗੋਇਲ ਨੂੰ ਤਿੰਨ ਦੀ ਜਗ੍ਹਾ ਚਾਲੀ ਨੰਬਰ ਦੇ ਕੇ ਡੀ ਐਮ ਸੀ ਜਾਰੀ ਕਰ ਦਿੱਤੀ ਗਈ।

## ਕਰਤਾਰਪੁਰ ਕਾਰੀਡੋਰ ਸਬੰਧੀ ਪਾਕਿਸਤਾਨ ਨੇ ਭਾਰਤ ਨੂੰ ਅੰਤਿਮ ਖਰੜਾ ਭੇਜਿਆ

ਅੰਮ੍ਰਿਤਸਰ, 15 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਵਲੋਂ ਕਰਤਾਰਪੁਰ ਲਾਂਘੇ ਦਾ ਅੰਤਿਮ ਖਰੜਾ ਭਾਰਤ ਨੂੰ ਭੇਜ ਦਿੱਤਾ ਗਿਆ ਹੈ। ਇਸ ਬਾਰੇ ਦਾਅਵਾ ਕੀਤਾ ਗਿਆ ਹੈ ਕਿ ਪਾਕਿ ਵਲੋਂ ਆਏ ਇਸ ਅੰਤਿਮ ਖਰੜੇ ਮੁਤਾਬਕ ਪਾਕਿਸਤਾਨ ਕਰਤਾਰਪੁਰ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਭਾਰਤੀ ਸਿੱਖ ਸ਼ਰਧਾਲੂਆਂ ਤੋਂ ਤੈਅ ਕੀਤਾ 20 ਡਾਲਰ ਯਾਤਰਾ ਖਰਚ ਲਵੇਗਾ। ਪਾਕਿ ਦਾ ਕਹਿਣਾ ਹੈ ਕਿ ਸਰਕਾਰ ਵਲੋਂ ਲਗੱਭਗ 1400 ਰੁਪਏ ਯਾਤਰਾ ਫੀਸ ਵੀਜ਼ਾ ਲਾਂਘੇ ਦੇ ਪ੍ਰਬੰਧਾਂ ਲਈ ਤੈਅ ਕੀਤੀ ਗਈ ਹੈ ਅਤੇ ਇਸ ਵਿੱਚ ਗੁਰਦੁਆਰਾ ਸਾਹਿਬ 'ਚ ਅਸਥਾਈ ਨਿਵਾਸ, ਲੰਗਰ, ਡਾਕਟਰੀ ਸਹੂਲਤ ਜਾਂ ਆਉਣ-ਜਾਣ ਦਾ ਬੱਸ ਕਿਰਾਇਆ ਸ਼ਾਮਿਲ ਨਹੀਂ ਕੀਤਾ ਗਿਆ। ਇਸ ਸੰਬੰਧ ਵਿੱਚ ਪਾਕਿ-ਸਤਾਨ ਦੇ ਐਮ ਪੀ ਏ ਅਤੇ ਪਾਰਲੀਮੈਂਟਰੀ ਸੈਕਟਰੀ ਮਹਿੰ-ਦਰਪਾਲ ਸਿੰਘ ਨੇ ਦੱਸਿਆ ਕਿ ਦਰਿਆ ਰਾਵੀ ਉੱਤੇ 800 ਮੀਟਰ ਲੰਬੇ ਪੁਲ, ਜ਼ੀਰੋ ਪੁਆਇੰਟ ਤੋਂ ਗੁਰਦੁਆਰਾ ਸਾਹਿਬ ਅਤੇ ਆਸ-ਪਾਸ ਦੀ 6.08 ਕਿਲੋਮੀਟਰ ਲੰਬੀ ਸੜਕ, ਗੁਰਦੁਆਰਾ ਸਾਹਿਬ ਦੇ 10 ਏਕੜ ਦੇ ਘੇਰੇ ਵਾਲੇ ਵਿਹੜੇ 'ਚ ਸੰਗਮਰਮਰ ਲਾਉਣ, ਬਾਰਡਰ ਟਰਮੀਨਲ, ਲੰਗਰ ਹਾਲ, ਸਰਾਂ, ਦੋ ਮੰਜ਼ਲਾ ਦਰਸ਼ਨੀ ਡਿਉਢੀ, ਮੁਸਾਫਿਰਖਾਨਾ, ਅਜਾਇਬ-ਘਰ, ਲਾਇਬਰੇਰੀ, ਪ੍ਰਬੰਧਕੀ ਬਲਾਕ, ਬਾਥਰੂਮ, ਸੀਵਰੇਜ, ਪਾਣੀ ਸਪਲਾਈ ਤੇ ਨਿਕਾਸੀ, ਗੈਸ ਲਾਈਨ ਅਤੇ ਬਿਜਲੀ ਦੀਆਂ ਤਾਰਾਂ ਦੀ ਫਿਟਿੰਗ ਆਦਿ ਦਾ ਕੰਮ ਲਗੱਭਗ ਮੁਕੰਮਲ ਹੋ ਗਿਆ ਹੈ ਅਤੇ ਉਸਾਰੀ ਦਾ ਕੰਮ ਅਗਲੇ 8-10 ਦਿਨ 'ਚ ਮੁਕੰਮਲ ਹੋ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ 'ਡਿਵੈਲਪਮੈਂਟ ਆਫ ਕਰਤਾਰਪੁਰ ਕਾਰੀਡੋਰ' ਪ੍ਰੋਜੈਕਟ ਅਧੀਨ 28 ਦਸੰਬਰ ਨੂੰ ਸ਼ੁਰੂ ਕੀਤੀ ਗਈ ਲਾਂਘੇ ਦੀ ਉਸਾਰੀ, ਜਿਹੜੀ ਤਿੰਨ ਸਾਲ ਤੋਂ ਵਧੇਰੇ ਸਮੇਂ 'ਚ ਮੁਕੰਮਲ ਕੀਤੀ ਜਾਣੀ ਸੀ, ਨੂੰ ਵੱਖ-ਵੱਖ ਕੰਸਟਰਕਸ਼ਨ ਕੰਪਨੀਆਂ ਦੇ 70 ਤੋਂ ਵਧੇਰੇ ਠੇਕੇਦਾਰਾਂ, ਇੰਜੀਨੀਅਰਾਂ ਅਤੇ ਹਜ਼ਾਰਾਂ ਮਜ਼ਦੂਰਾਂ ਨੇ ਨਿਰਵਿਘਨ ਤਿੰਨ ਸ਼ਿਫਟਾਂ 'ਚ ਦਿਨ-ਰਾਤ ਜਾਰੀ ਰੱਖ ਕੇ 9 ਮਹੀਨੇ ਵਿੱਚ ਲਗੱਭਗ ਮੁਕੰਮਲ ਕੀਤਾ ਹੈ।



## ਮਾਂ ਨੇ ਧੀ ਦੇ ਜੇਠ ਨਾਲ ਪ੍ਰੇਮ ਵਿਆਹ ਕਰਵਾ ਲਿਆ

ਠਾਨਕੋਟ, 15 ਅਕਤੂਬਰ (ਪੋਸਟ ਬਿਊਰੋ)- ਇੱਥੇ ਇੱਕ ਅਨੋਖਾ ਕੇਸ ਸਾਹਮਣੇ ਆਇਆ ਹੈ ਜਿਸ ਵਿੱਚ ਮਾਂ-ਧੀ ਨਵੇਂ ਬਣੇ ਰਿਸ਼ਤੇ ਵਿੱਚ ਜੇਠਾਣੀ-ਦਰਾਣੀ ਬਣ ਗਈਆਂ ਹਨ। ਮਾਂ ਨੇ ਜ਼ਿਲ੍ਹਾ ਸੈਸ਼ਨ ਕੋਰਟ ਵਿੱਚ ਪੁਲਸ ਸੁਰੱਖਿਆ ਦੀ ਮੰਗ ਕਰ ਦਿੱਤੀ ਹੈ ਜਿਸ ਨੂੰ ਮੰਨ ਕੇ ਸੈਸ਼ਨ ਜੱਜ ਨੇ ਜ਼ਿਲ੍ਹਾ ਪੁਲਸ ਨੂੰ ਪ੍ਰੋਟੈਕਸ਼ਨ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਪਤਾ ਲੱਗਾ ਹੈ ਕਿ ਇੱਥੋਂ ਦੇ ਖਾਨਪੁਰ ਚੌਕ ਦੀ 18 ਸਾਲਾਂ ਲੜਕੀ ਨੇ ਖਾਨਪੁਰ ਚੌਕ ਦੇ 21 ਸਾਲਾਂ ਦੇ ਲੜਕੇ ਨਾਲ ਪ੍ਰੇਮ ਵਿਆਹ ਕਰਵ-ਾਇਆ ਸੀ। ਇਸੇ ਦੌਰਾਨ ਉਸ ਦੀ 37 ਸਾਲਾਂ ਦੀ ਮਾਂ ਦੀ ਗੱਲਬਾਤ ਆਪਣੀ ਧੀ ਦੇ 22 ਸਾਲਾਂ ਦੇ ਜੇਠ ਨਾਲ ਹੋ ਗਈ। ਲੜਕੀ ਦੀ ਮਾਂ ਨੇ 42 ਸਾਲਾਂ ਦੇ ਆਪਣੇ ਪਹਿਲੇ ਪਤੀ ਵਾਸੀ ਖਾਨਪੁਰ ਤੋਂ ਪਿਛਲੀ 20 ਸਤੰਬਰ ਨੂੰ ਤਲਾਕ ਲੈ ਲਿਆ ਅਤੇ 5 ਲੱਖ ਰੁਪਏ ਆਪਣੀ ਦੇਖਭਾਲ ਲਈ ਲੈ ਲਏ ਸਨ। ਇਸ ਤੋਂ ਬਾਅਦ ਉਸ ਨੇ ਤੈਅ ਯੋਜਨਾ ਅਨੁਸਾਰ ਆਪਣੀ ਲੜਕੀ ਦੇ ਜੇਠ ਨਾਲ ਪਾਵਰ ਕਲੋਨੀ ਮਲਿਕਪੁਰ ਵਿੱਚ ਰਾਧਾ ਕ੍ਰਿਸ਼ਨ ਮੰਦਰ ਵਿੱਚ ਜਾ ਕੇ 2 ਅਕਤੂਬਰ ਨੂੰ ਪ੍ਰੇਮ ਵਿਆਹ ਕਰ ਲਿਆ। ਫਿਰ ਉਸ ਨੇ ਆਪਣੇ ਮਾਂ ਪਿਓ, ਭਰਾ ਤੇ ਭਰਜਾਈ, ਜੋ ਗੁਰਦਾਸਪੁਰ ਦੇ ਰਹਿਣ ਵਾਲੇ ਹਨ, ਦੇ ਖਿਲਾਫ ਡਾ. ਤੇਜਵਿੰਦਰ ਸਿੰਘ ਸੈਸ਼ਨ ਜੱਜ ਦੀ ਅਦਾਲਤ ਵਿੱਚ ਦਰਖਾਸਤ ਦੇ ਕੇ ਇਨ੍ਹਾਂ ਤੋਂ ਉਸ ਨੂੰ ਆਪਣੀ ਜਾਨ ਦਾ ਖਤਰਾ ਦੱਸਿਆ, ਕਿਉਂਕਿ ਇਹ ਸਾਰੇ ਉਸ ਜਗ੍ਹਾ ਵਿਆਹ ਨਹੀਂ ਕਰਨ ਦੇਣਾ ਚਾਹੁੰਦੇ ਸਨ। ਜੱਜ ਨੇ ਉਸ ਦੀ ਦਰਖਾਸਤ ਉਤੇ ਕਾਰਵਾਈ ਕਰਦੇ ਹੋਏ ਪੁਲਸ ਸੁਰੱਖਿਆ ਦੇਣ ਦਾ ਹੁਕਮ ਜਾਰੀ ਕਰ ਦਿੱਤਾ ਅਤੇ ਅਗਲੀ ਤਰੀਕ 31 ਅਕਤੂਬਰ ਦੀ ਤੈਅ ਕਰ ਦਿੱਤੀ, ਜਿਸ ਵਿੱਚ ਉਸ ਦੇ ਪੇਕੇ ਪਰਵਾਰ ਨੂੰ ਪੇਸ਼ ਹੋ ਕੇ ਆਪਣੇ ਪੱਖ ਰੱਖਣ ਲਈ ਕਿਹਾ ਗਿਆ ਹੈ।











## ਕੇਜਰੀਵਾਲ ਵੱਲੋਂ ਟੈਕਸੀ ਚਾਲਕਾਂ ਨੂੰ ਵੱਡੀ ਰਾਹਤ, ਕਈ ਟੈਕਸ ਮਾਫ਼ ਕੀਤੇ


ਨਵੀਂ ਦਿੱਲੀ, 15 ਅਕਤੂਬਰ (ਪੋਸਟ ਬਿਊਰੋ)- ਅਗਲੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਿੱਚ ਜੁਟੀ ਦਿੱਲੀ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਟੋ ਚਾਲਕਾਂ ਵਾਂਗ ਦਿੱਲੀ ਦੇ ਟੈਕਸੀ ਚਾਲਕਾਂ ਉੱਤੇ ਵੀ ਮੇਹਰਬਾਨੀ ਦਿਖਾਈ ਹੈ। ਦਿੱਲੀ ਸਰਕਾਰ ਨੇ ਸੋਮਵਾਰ ਨੂੰ ਟੈਕਸੀ ਉੱਤੇ ਲੱਗਦੇ ਫਿਟਨੈੱਸ, ਜੀ ਪੀ ਐੱਸ ਅਤੇ ਸਿਮ ਟੈਕਸ ਪੂਰਾ ਮਾਫ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਇਲਾਵਾ ਪਰਮਿਟ ਟੈਕਸ ਨੂੰ 2000 ਰੁਪਏ ਤੋਂ ਘਟਾ ਕੇ 500 ਰੁਪਏ ਕਰ ਦਿੱਤਾ ਗਿਆ ਹੈ। ਇਸ ਵਿੱਚ ਦਿੱਲੀ ਵਿੱਚ ਕਰੀਬ 80 ਹਜ਼ਾਰ ਟੈਕਸੀ ਚਾਲਕਾਂ ਨੂੰ ਲਾਭ ਮਿਲ ਸਕੇਗਾ।



ਮੁੱਖ ਮੰਤਰੀ ਕੇਜਰੀਵਾਲ ਦੇ ਹੁਕਮਾਂ ਉੱਤੇ ਟਰਾਂਸਪੋਰਟ ਮੰਤਰੀ ਕੈਲਾਸ਼ ਗਹਲੋਤ ਨੇ ਦਿੱਲੀ ਦਫਤਰ ਵਿੱਚ ਬੈਠਕ ਕਰ ਕੇ ਇਹ ਫੈਸਲਾ ਲਿਆ, ਜਿਸ ਨੂੰ ਜਲਦੀ ਕੈਬਨਿਟ ਵਿੱਚ ਲਿਆਂਦਾ ਜਾਵੇਗਾ ਅਤੇ ਸਰਕਾਰ ਦੀ ਯੋਜਨਾ ਹੈ ਕਿ ਸੂਚਨਾ ਜਾਰੀ ਕਰ ਕੇ ਇਸ ਨੂੰ ਇਕ ਨਵੰਬਰ ਤਕ ਲਾਗੂ ਕਰ ਦਿੱਤਾ ਜਾਵੇ। ਖ਼ਾਸ ਗੱਲ ਹੈ ਕਿ ਇਸ ਯੋਜਨਾ ਦਾ ਲਾਭ ਉਸ ਟੈਕਸੀ ਨੂੰ ਮਿਲੇਗਾ, ਜੋ ਟੈਕਸੀ ਕਿਸੇ ਵਿਅਕਤੀ ਦੇ ਨਾਂ ਉੱਤੇ ਰਜਿਸਟਰਡ ਹੋਵੇਗੀ। ਸਰਕਾਰ ਦੀ ਯੋਜਨਾ ਅਨੁਸਾਰ ਟੈਕਸੀ ਦੀ ਫਿਟਨੈੱਸ ਫੀਸ 600 ਰੁਪਏ ਹੈ। ਇਸ ਦੇ ਇਲਾਵਾ ਜੀ ਪੀ ਐੱਸ ਦੀ ਫੀਸ 1420 ਰੁਪਏ ਅਤੇ ਜੀ ਪੀ ਐੱਸ ਸਿਮ ਫੀਸ 584 ਰੁਪਏ ਸਰਕਾਰ ਨੇ ਮਾਫ਼ ਕਰ ਦਿੱਤੀ ਹੈ। ਇਸ ਦੇ ਨਾਲ ਫਿਟਨੈੱਸ ਲੇਟ ਹੋਣ ਉੱਤੇ ਪਹਿਲੇ ਦਿਨ ਇਕ ਹਜ਼ਾਰ ਰੁਪਏ ਲੱਗਦੇ ਹਨ। ਇਸ ਪਿੱਛੋਂ ਰੋਜ਼ 50 ਰੁਪਏ ਜ਼ੁਰਮਾਨਾ ਦੇਣਾ ਹੁੰਦਾ ਸੀ, ਪਰ ਇਸ ਫੈਸਲੇ ਨਾਲ 1000 ਰੁਪਏ ਦੀ ਬਜਾਏ ਪਹਿਲੇ ਦਿਨ 300 ਰੁਪਏ ਅਤੇ 50 ਰੁਪਏ ਰੋਜ਼ ਦੀ ਥਾਂ 20 ਰੁਪਏ ਦੇਣੇ ਹੋਣਗੇ। ਟੈਕਸੀਆਂ ਲਈ ਪਰਮਿਟ ਟੈਕਸ 2 ਹਜ਼ਾਰ ਰੁਪਏ ਨੂੰ ਘਟਾ ਕੇ 500 ਰੁਪਏ ਕਰ ਦਿੱਤਾ ਹੈ। ਆਟੋ ਵਾਲਿਆਂ ਨੂੰ ਰਾਹਤ ਪਿੱਛੋਂ ਟੈਕਸੀ ਵਾਲੇ ਵੀ ਇਸ ਦੀ ਮੰਗ ਕਰ ਰਹੇ ਸੀ। ਇਸ ਤੋਂ ਪਹਿਲਾਂ 13 ਅਗਸਤ ਨੂੰ ਕੇਜਰੀਵਾਲ ਸਰਕਾਰ ਨੇ ਆਟੋ ਦਾ ਫਿਟਨੈੱਸ, ਜੀ ਪੀ ਐੱਸ ਟੈਕਸ ਪੂਰੀ ਤਰ੍ਹਾਂ ਮਾਫ ਕਰ ਦਿੱਤਾ ਸੀ। ਸਰਕਾਰ ਦੇ ਇਸ ਕਦਮ ਦਾ 90 ਹਜ਼ਾਰ ਆਟੋ ਚਾਲਕਾਂ ਨੂੰ ਲਾਭ ਹੋਇਆ ਹੈ।

## ਅਯੁੱਧਿਆ ਕੇਸ ਵਿਚ ਮੁਸਲਿਮ ਧਿਰਾਂ ਨੇ ਕਿਹਾ, ਸਿਰਫ ਸਾਡੇ ਤੋਂ ਸਵਾਲ ਪੁੱਛੇ ਜਾਂਦੇ ਨੇ, ਹਿੰਦੂ ਧਿਰ ਤੋਂ ਨਹੀਂ

ਨਵੀਂ ਦਿੱਲੀ, 15 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਵਿੱਚ ਕੱਲ੍ਹ ਰਾਮ ਜਨਮ ਭੂਮੀ-ਬਾਬਰੀ ਮਸਜਿਦ ਕੇਸ ਦੀ ਸੁਣਵਾਈ ਦੌਰਾਨ ਮੁਸਲਿਮ ਧਿਰਾਂ ਨੇ ਦੋਸ਼ ਲਾਇਆ ਕਿ ਇਸ ਮਾਮਲੇ ਵਿੱਚ ਹਿੰਦੂ ਧਿਰ ਕੋਲੋਂ ਨਹੀਂ, ਸਿਰਫ ਸਾਡੇ ਕੋਲੋਂ ਹੀ ਵੱਖ-ਵੱਖ ਸਵਾਲ ਪੁੱਛੇ ਜਾ ਰਹੇ ਹਨ।



ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੀ ਪੰਜ ਮੈਂਬਰੀ ਸੰਵਿਧਾਨਕ ਬੈਂਚ ਦੇ ਸਾਹਮਣੇ 38ਵੇਂ ਦਿਨ ਦੀ ਸੁਣਵਾਈ ਸ਼ੁਰੂ ਹੋਣ ਉੱਤੇ ਮੁਸਲਿਮ ਧਿਰਾਂ ਵੱਲੋਂ ਸੀਨੀਅਰ ਵਕੀਲ ਰਾਜੀਵ ਧਵਨ ਨੇ ਉਕਤ ਟਿੱਪਣੀ ਕੀਤੀ। ਧਵਨ ਦੇ ਇਸ ਤਰ੍ਹਾਂ ਕਹਿਣਾ ਦਾ ਰਾਮ ਲੱਲਾ ਦੀ ਪ੍ਰਤੀਨਿਧਤਾ ਕਦੇ ਸੀਨੀਅਰ ਵਕੀਲ ਸੀ ਐੱਸ ਵੈਦਿਆਨਾਥਨ ਨੇ ਵਿਰੋਧ ਕੀਤਾ। ਧਵਨ ਨੇ ਇਹ ਟਿੱਪਣੀ ਉਦੋਂ ਕੀਤੀ, ਜਦੋਂ ਸੰਵਿਧਾਨਕ ਬੈਂਚ ਨੇ ਕਿਹਾ ਕਿ ਵਾਦ ਵਿਵਾਦ ਵਾਲੀ ਥਾਂ 'ਤੇ ਲੋਹੇ ਦੀ ਗਰਿੱਲ ਲਾਉਣ ਦਾ ਇਰਾਦਾ ਬਾਹਰੀ ਵਿਹੜੇ ਤੋਂ ਅੰਦਰਲੇ ਵਿਹੜੇ ਨੂੰ ਵੱਖਰਾ ਕਰਨਾ ਸੀ। ਅਦਾਲਤ ਨੇ ਧਵਨ ਦੇ ਇਸ ਕਥਨ ਦਾ ਨੋਟਿਸ ਵੀ ਲਿਆ ਕਿ ਹਿੰਦੂਆਂ ਨੂੰ ਸਿਰਫ ਅੰਦਰ ਦਾਖਲ ਹੋਣ ਅਤੇ ਪੂਜਾ ਕਰਨ ਦਾ ਨਿਰਦੇਸ਼ਾਤਮਕ ਅਧਿਕਾਰ ਸੀ। ਇਸ ਦਾ ਮਤਲਬ ਇਹ ਨਹੀਂ ਕਿ ਵਾਦ ਵਿਵਾਦ ਵਾਲੀ ਜਾਇਦਾਦ 'ਤੇ ਉਨ੍ਹਾਂ ਦਾ ਮਾਲਿਕੀ ਹੱਕ ਸੀ। ਬੈਂਚ ਨੇ ਪੁੱਛਿਆ ਕਿ ਜਿਵੇਂ ਤੁਸੀਂ ਕਹਿੰਦੇ ਹੋ ਕੇ ਉਨ੍ਹਾਂ ਕੋਲ ਦਾਖਲ ਹੋਣ ਤੇ ਪੂਜਾ ਅਰਚਨਾ ਦਾ ਅਧਿਕਾਰ ਸੀ, ਕੀ ਇਹ ਤੁਹਾਡੇ ਮਾਲਿਕੀ ਅਧਿਕਾਰਾਂ ਨੂੰ ਘੱਟ ਨਹੀਂ ਕਰਦਾ? ਬੈਂਕ ਨੇ ਕਿਹਾ ਕਿ ਜਾਇਦਾਦ 'ਤੇ ਪੂਰਨ ਮਾਲਕੀ ਦੇ ਕੇਸ ਵਿੱਚ ਕੀ ਕਿਸੇ ਤੀਜੀ ਧਿਰ ਨੂੰ ਦਾਖਲ ਹੋਣ ਅਤੇ ਪੂਜਾ ਅਰਚਨਾ ਕਰਨ ਦਾ ਅਧਿਕਾਰ ਦਿੱਤਾ ਜਾ ਸਕਦਾ ਹੈ? ਇਸ 'ਤੇ ਧਵਨ ਨੇ ਕਿਹਾ ਕਿ ਨਿਰਮੋਹੀ ਅਖਾੜਾ ਅਤੇ ਹੋਰ ਧਿਰਾਂ ਵਾਦ-ਵਿਵਾਦ ਦੀਆਂ ਜ਼ਮੀਨਾਂ ਦੀਆਂ ਮਾਲਕ ਹਨ, ਸੰਬੰਧੀ ਸਾਡੇ ਕੋਲ ਕੋਈ ਸਬੂਤ ਨਹੀਂ।

ਇਸ ਦੌਰਾਨ ਅਯੁੱਧਿਆ ਦੇ ਵਾਦ ਵਿਵਾਦ ਵਾਲੀ ਰਾਮ ਜਨਮ ਭੂਮੀ ਉੱਤੇ 27 ਅਕਤੂਬਰ ਨੂੰ ਦੀਪਮਾਲਾ ਕਰਨ ਦੀ ਆਗਿਆ ਨਾ ਮਿਲਣ ਵਿਰੁੱਧ ਸੰਤ ਸਮਾਜ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਵੇਗਾ। ਇਸ ਬਾਰੇ ਵਕੀਲ ਸ਼ਰਦ ਸ਼ਰਮਾ ਨੇ ਕਿਹਾ ਕਿ 'ਲੰਕਾ ਵਿਜੇ' ਤੋਂ ਬਾਅਦ ਭਗਵਾਨ ਰਾਮ ਜੀ ਦੇ ਅਯੁੱਧਿਆ ਪਰਤਣ ਦੀ ਖੁਸ਼ੀ ਵਿੱਚ ਦੇਸ਼ ਵਿੱਚ ਦੀਵਾਲੀ ਮਨਾਈ ਗਈ ਸੀ। ਭਗਵਾਨ ਰਾਮ ਜੀ ਦਾ ਆਯੋਜਨ ਨਾ ਹੋਣਾ ਬੇਹੱਦ ਮੰਦਭਾਗਾ ਹੈ। ਇਸ ਸੰਬੰਧੀ ਆਗਿਆ ਨਾ ਮਿਲਣ ਕਾਰਨ ਸਾਧੂਆਂ ਅਤੇ ਸੰਤ ਸਮਾਜ ਨੇ ਆਪਣਾ ਵਿਰੋਧ ਪ੍ਰਗਟ ਕੀਤਾ ਹੈ।

ਵਿਸ਼ਵ ਹਿੰਦੂ ਪ੍ਰੀਸ਼ਦ ਨੂੰ ਅਯੁੱਧਿਆ ਦੇ ਵਾਦ-ਵਿਵਾਦ ਵਾਲੇ ਕੰਪਲੈਕਸ ਵਿੱਚ ਦੀਵਾਲੀ ਦੇ ਮੌਕੇ 'ਤੇ ਦੀਪ ਉਤਸਵ ਮਨਾਉਣ ਦੀ ਜ਼ਿਲਾ ਪ੍ਰਸ਼ਾਸਨ ਨੇ ਆਗਿਆ ਨਹੀਂ ਦਿੱਤੀ। ਅਯੁੱਧਿਆ ਦੇ ਡਵੀਜ਼ਨਲ ਕਮਿਸ਼ਨਰ ਅਤੇ ਰਾਮ ਜਨਮ ਭੂਮੀ ਕੰਪਲੈਕਸ ਦੇ ਰਿਸੀਵਰ ਮਨੋਜ ਮਿਸ਼ਰਾ ਨੇ ਕੱਲ੍ਹ ਕਿਹਾ ਕਿ ਵਿਵਾਦ ਵਾਲੇ ਕੰਪਲੈਕਸ ਵਿੱਚ ਰਵਾਇਤੀ ਪ੍ਰੋਗਰਾਮ ਤੋਂ ਬਿਨਾਂ ਹੋਰ ਕਿਸੇ ਪ੍ਰੋਗਰਾਮ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਇਸ ਲਈ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦੀਪਮਾਲਾ ਪ੍ਰੋਗਰਾਮ ਨੂੰ ਰੱਦ ਕਰ ਦਿੱਤਾ ਗਿਆ ਹੈ। ਪ੍ਰੀਸ਼ਦ ਵੱਲੋਂ ਅਯੁੱਧਿਆ ਵਿੱਚ ਵਿਵਾਦ ਵਾਲੀ ਥਾਂ ਦੀਪ ਉਤਸਵ ਦੀ ਆਗਿਆ ਮੰਗਣ ਨੂੰ ਆਧਾਰ ਬਣਾ ਕੇ ਮੁਸਲਮਾਨਾਂ ਨੇ ਵੀ ਨਮਾਜ਼ ਪੜ੍ਹਨ ਦੀ ਆਗਿਆ ਮੰਗੀ ਸੀ। ਮੁਸਲਿਮ ਧਰਮ ਦੇ ਹਾਜੀ ਮਹਿਬੂਬ ਨੇ ਕਿਹਾ ਕਿ ਮੰਦਰ-ਮਸਜਿਦ ਦਾ ਵਿਵਾਦ ਕਈ ਸਾਲਾਂ ਤੋਂ ਚੱਲ ਰਿਹਾ ਹੈ। ਪ੍ਰੀਸ਼ਦ ਨੇ ਪਹਿਲਾਂ ਕਦੀ ਅਜਿਹੀ ਆਗਿਆ ਨਹੀਂ ਮੰਗੀ ਸੀ। ਇਸ ਮਸਲੇ 'ਤੇ ਜਦੋਂ ਸੁਪਰੀਮ ਕੋਰਟ ਵਿੱਚ ਸੁਣਵਾਈ ਵੇਲੇ ਇਸ ਦੀ ਆਗਿਆ ਦੇਣੀ ਸਰਾਸਰ ਗਲਤ ਹੈ।

## ਕਸ਼ਮੀਰ ਵਿੱਚ ਪੋਸਟ ਪੇਡ ਮੋਬਾਈਲ ਫੋਨ ਸੇਵਾ ਬਹਾਲ



ਸ੍ਰੀਨਗਰ, 15 ਅਕਤੂਬਰ (ਪੋਸਟ ਬਿਊਰੋ)- ਧਾਰਾ 370 ਖਤਮ ਕਰਨ ਪਿੱਛੋਂ ਕਸ਼ਮੀਰ 'ਚ ਪੋਸਟ ਪੇਡ ਮੋਬਾਈਲ ਫੋਨ ਸੇਵਾ ਬਹਾਲ ਹੋਣ 'ਤੇ ਵਾਦੀ ਦੇ ਲੋਕਾਂ ਨੂੰ ਰਾਹਤ ਨਸੀਬ ਹੋਈ ਹੈ। ਮੋਬਾਈਲ ਫੋਨ 'ਤੇ ਇੰਟਰਨੈਟ ਦੀ ਸਹੂਲਤ ਅਜੇ ਸ਼ੁਰੂ ਨਹੀਂ ਕੀਤੀ ਗਈ। ਇਸ ਸੇਵਾ ਦੇ ਆਰੰਭ ਹੋਣ ਨਾਲ 40 ਲੱਖ ਖਪਤਕਾਰਾਂ ਨੂੰ ਦੇਸ਼ ਵਿੱਚ ਆਪਣੇ ਪਰਵਾਰਾਂ, ਦੋਸਤਾਂ ਅਤੇ ਗੁਆਂਢੀਆਂ ਨਾਲ 72 ਦਿਨ੍ਹਾਂ ਮਗਰੋਂ ਰਾਬਤਾ ਕਾਇਮ ਕਰਨ ਦਾ ਮੌਕਾ ਮਿਲਿਆ ਹੈ। ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਕੱਲ੍ਹ ਤੋਂ ਕਸ਼ਮੀਰ ਵਾਦੀ ਵਿੱਚ ਪੋਸਟ ਪੇਡ ਮੋਬਾਈਲ ਸੇਵਾ ਬਹਾਲ ਕਰਨ ਦਾ ਵਾਅਦਾ ਕੀਤਾ ਸੀ। ਪਿਛਲੇ ਹਫਤੇ ਪ੍ਰਸ਼ਾਸਨ ਨੇ ਸੈਲਾਨੀਆਂ ਦੀ ਆਮਦ ਉੱਤੇ ਰੋਕ ਹਟਾ ਲਈ ਅਤੇ ਵਿਦਿਅਕ ਅਦਾਰੇ ਵੀ ਖੁੱਲ੍ਹ ਗਏ ਹਨ, ਪਰ ਉਨ੍ਹਾਂ 'ਚ ਹਾਜ਼ਰੀ ਨਾਮਾਤਰ ਹੈ। ਜਦੋਂ ਦੁਪਹਿਰ ਵੇਲੇ ਲੋਕਾਂ ਦੇ ਮੋਬਾਈਲ ਚਲਣੇ ਸ਼ੁਰੂ ਹੋਏ ਤਾਂ ਉਨ੍ਹਾਂ ਸਭ ਤੋਂ ਪਹਿਲਾਂ ਆਪਣੇ ਨੇੜਲਿਆਂ ਦੀ ਖਬਰਸਾਰ ਲਈ, ਜਿਨ੍ਹਾਂ ਨਾਲ ਉਹ 5 ਅਗਸਤ ਤੋਂ ਗੱਲਬਾਤ ਕਰਨ ਲਈ ਤਰਸ ਗਏ ਸਨ। ਜਦੋਂ ਕੇਂਦਰ ਨੇ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਦਿਆਂ ਸੂਬੇ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ 'ਚ ਵੰਡ ਦਿੱਤਾ ਸੀ। ਅਧਿਕਾਰੀਆਂ ਨੇ ਕਿਹਾ ਕਿ ਪੋਸਟ ਪੇਡ ਕਨੈਕਸ਼ਨਾਂ 'ਤੇ ਇਹ ਸੇਵਾ ਸਿਰਫ ਵੁਆਇਸ ਕਾਲ ਅਤੇ ਐਸ ਐਮ ਐਸ ਲਈ ਹੈ। ਉਨ੍ਹਾਂ ਕਿਹਾ ਕਿਕ 25 ਲੱਖ ਪ੍ਰੀਪੇਡ ਮੋਬਾਈਲ ਫੋਨ ਅਤੇ ਵੱਟਸਐਪ ਸਮੇਤ ਹੋਰ ਇੰਟਰਨੈਟ ਸੇਵਾਵਾਂ ਅਜੇ ਬੰਦ ਰਹਿਣਗੀਆਂ। ਪ੍ਰਾਪਸ਼ਨ ਵੱਲੋਂ ਮੋਬਾਈਲ ਸੇਵਾ ਬਹਾਲ ਕਰਨ ਨਾਲ ਲੋਕਾਂ ਦੇ ਚਿਹਰੇ ਖਿੜ ਗਏ ਹਨ।

## ਅਦਾਲਤ ਨੇ ਕਿਹਾ, ਸੰਨਿਆਸੀ ਨੂੰ ਵੀ ਪੁੱਤਰ-ਧਰਮ ਨਿਭਾਉਣਾ ਹੋਵੇਗਾ

ਅਹਿਮਦਾਬਾਦ, 15 ਅਕਤੂਬਰ (ਪੋਸਟ ਬਿਊਰੋ)- ਬੇਸ਼ੱਕ ਕੋਈ ਸੰਨਿਆਸੀ ਬਣ ਕੇ ਮਾਇਆ ਮੋਹ ਦਾ ਤਿਆਗ ਦੇਵੇ, ਉਹ ਮਾਤਾ-ਪਿਤਾ ਦੇ ਪ੍ਰਤੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ। ਗੁਜ਼ਾਰਾ ਭੱਤੇ ਲਈ ਮਾਤਾ ਪਿਤਾ ਦੀ ਅਰਜ਼ੀ ਦੀ ਸੁਣਵਾਈ ਕਰਦੇ ਹੋਏ ਅਹਿਮਦਾਬਾਦ ਦੀ ਇੱਕ ਪਰਵਾਰਕ ਅਦਾਲਤ ਨੇ ਇਹ ਟਿੱਪਣੀ ਕੀਤੀ ਅਤੇ ਸੰਨਿਆਸੀ ਬਣੇ ਪੁੱਤਰ ਨੂੰ ਮਾਤਾ ਪਿਤਾ ਦੀ ਦੇਖਭਾਲ ਕਰਨ ਅਤੇ ਮਾਸਿਕ ਦਸ ਹਜ਼ਾਰ ਰੁਪਏ ਗੁਜ਼ਾਰਾ ਭੱਤਾ ਦੇਣ ਹੁਕਮ ਦਿੱਤਾ ਹੈ। ਸੰਨਿਆਸੀ ਬਣੇ ਧਰਮੇਸ਼ ਗੋਲ (27) ਨੇ ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ (ਐੱਨ ਆਈ ਪੀ ਆਰ) ਤੋਂ ਫਾਰਮੇਸੀ ਵਿੱਚ ਮਾਸਟਰ ਡਿਗਰੀ ਕੀਤੀ ਅਤੇ ਜੂਨ 2015 ਵਿੱਚ ਇੱਕ ਆਕਰਸ਼ਕ ਕਾਰਪੋਰੇਟ ਨੌਕਰੀ ਨੂੰ ਛੱਡ ਕੇ ਸੰਨਿਆਸੀ ਹੋ ਗਿਆ। ਉਹ ਇੰਟਰਨੈਸ਼ਨਲ ਸੋਸਾਇਟੀ ਆਫ ਕ੍ਰਿਸ਼ਨਾ (ਇਸਕਾਨ ਮੰਦਰ) ਨਾਲ ਜੁੜ ਕੇ ਭਗਵਾਨ ਕ੍ਰਿਸ਼ਨ ਦਾ ਪ੍ਰਚਾਰ ਕਰਨ ਲੱਗ ਪਿਆ। ਧਰਮੇਸ਼ ਗੈਰ ਸਰਕਾਰੀ ਸੰਗਠਨ (ਐੱਨ ਜੀ ਓ) ਅਕਸ਼ੈ ਪਾਤਰ ਨਾਲ ਵੀ ਜੁੜ ਗਿਆ ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ



ਹਿੱਸਾ ਲੈਣ ਲੱਗਾ। ਇਸ ਦੌਰਨ ਉਨ੍ਹਾਂ ਨੇ ਅਹਿਮਦਾਬਾਦ ਵਿੱਚ ਰਹਿਣ ਵਾਲੇ ਪਿਤਾ ਲੀਲਾਭਾਈ (64) ਅਤੇ ਮਾਤਾ ਭੀਖੀਬੇਨ (55) ਨਾਲ ਸਾਰੇ ਸੰਬੰਧ ਤੋੜ ਲਏ। ਲੀਲਾਭਾਈ ਅਤੇ ਭੀਖੀਬੇਨ ਨੇ ਧਰਮੇਸ਼ ਨੂੰ ਕਾਫੀ ਲੱਭਿਆ, ਪਰ ਉਨ੍ਹਾਂ ਨੂੰ ਸਫਲਤਾ ਨਹੀਂ ਮਿਲੀ। ਉਨ੍ਹਾ ਦਾ ਦੋਸ਼ ਹੈ ਕਿ ਉਨ੍ਹਾਂ ਦੇ ਬੇਟੇ ਦੇ ਸੰਨਿਆਸੀ ਬਣਨ ਦੀ ਜਾਣਕਾਰੀ ਇਸਕਾਨ ਮੰਦਰ ਨੇ ਵੀ ਨਹੀਂ ਦਿੱਤੀ। ਆਖਰ ਪੁਲਸ ਦੀ ਮਦਦ ਨਾਲ ਪਤਾ ਲੱਗਾ ਕਿ ਉਨ੍ਹਾਂ ਦਾ ਬੇਟਾ ਇਸਕਾਨ ਮੰਦਰ ਭਾਡਜ ਵਿੱਚ ਸੰਨਿਆਸੀ ਬਣ ਕੇ ਰਹਿੰਦਾ ਹੈ। ਆਪਣੇ ਬੇਟੇ ਨੂੰ ਘਰ ਵਾਪਸ ਲਿਆਉਣ ਲਈ ਮਨਾਉਣ ਵਿੱਚ ਅਸਫਲ ਰਹਿਣ ਪਿੱਛੋਂ ਮਾਤਾ-ਪਿਤਾ ਨੇ ਅਹਿਮਦਾਬਾਦ ਦੀ ਫੈਮਿਲੀ ਕੋਰਟ ਵਿੱਚ 50,000 ਰੁਪਏ ਗੁਜ਼ਾਰਾ ਭੱਤੇ ਦਾ ਮੁਕੱਦਮਾ ਕਰ ਦਿੱਤਾ। ਮਾਤਾ ਪਿਤਾ ਨੇ ਅਦਾਲਤ ਨੂੰ ਕਿਹਾ ਕਿ ਉਹ ਦੋਵੇਂ ਸਰੀਰਕ ਰੂਪ ਤੋਂ ਠੀਕ ਨਹੀਂ ਹਨ। ਉਨ੍ਹਾਂ ਕੋਲ ਆਮਦਨ ਦਾ ਕੋਈ ਸਰੋਤ ਨਹੀਂ ਹੈ। ਉਨ੍ਹਾਂ ਨੇ ਆਪਣੀ ਪੂਰੀ ਬਚਤ ਆਪਣੇ ਬੇਟੇ ਦੀ ਉੱਚ ਸਿਖਿਆ 'ਤੇ ਇਸ ਆਸ ਨਾਲ ਖਰਚ ਕੀਤੀ ਸੀ ਕਿ ਉਹ ਉਨ੍ਹਾਂ ਦੀ ਦੇਖਭਾਲ ਕਰੇਗਾ। ਉਸ ਦੀ ਪੜ੍ਹਾਈ ਉਤੇ 35 ਲੱਖ ਰੁਪਏ ਖਰਚ ਕਰਨ ਦਾ ਦਾਅਵਾ ਕੀਤਾ। ਪੜ੍ਹਾਈ ਕਰਨ ਦੇ ਬਾਅਦ ਧਰਮੇਸ਼ 60,000 ਰੁਪਏ ਮਹੀਨਾ ਤਨਖਾਹ ਦੀ ਨੌਕਰੀ ਨੂੰ ਠੁਕਰਾ ਕੇ ਇਸਕਾਨ ਮੰਦਰ ਵਿੱਚ ਸੰਨਿਆਸੀ ਬਣ ਗਿਆ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਬੇਟਾ ਵੱਖ ਵੱਖ ਸੰਸਥਾਵਾਂ ਵਿੱਚ ਪ੍ਰਵਚਨ ਦਿੰਦਾ ਅਤੇ ਐੱਨ ਜੀ ਓ ਲਈ ਧਨ ਇਕੱਠਾ ਕਰਦਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਧਰਮੇਸ਼ ਇਸ ਤਰ੍ਹਾਂ ਇੱਕ ਲੱਖ ਰੁਪਏ ਇਕੱਠੇ ਕਰਦਾ ਹੈ। ਇਸ ਮਾਮਲੇ ਵਿੱਚ ਧਰਮੇਸ਼ ਨੇ ਬਹਿਸ ਨਾ ਕਰਨ ਦਾ ਫੈਸਲਾ ਕੀਤਾ ਸੀ, ਇਸ ਲਈ ਕੋਰਟ ਨੇ ਮਾਤਾ ਪਿਤਾ ਦੀ ਦਲੀਲ ਸੁਣਨ ਦੇ ਬਾਅਦ ਆਪਣੇ ਫੈਸਲੇ ਵਿੱਚ ਕਿਹਾ ਕਿ ਧਰਮੇਸ਼ ਨੇ ਬਿਨਾਂ ਕਿਸੇ ਕਾਰਨ ਦੇ ਮਾਤਾ ਪਿਤਾ ਨੂੰ ਛੱਡ ਦਿੱਤਾ। ਅਜਿਹੇ ਵਿੱਚ ਉਸ ਨੂੰ ਮਾਤਾ ਪਿਤਾ ਨੂੰ ਹਰ ਮਹੀਨੇ 10 ਹਜ਼ਾਰ ਰੁਪਏ ਗੁਜ਼ਾਰਾ ਭੱਤਾ ਦੇਣਾ ਹੋਵੇਗਾ।

## ਬੀ ਐਸ ਐਫ ਨੇ ਆਧੁਨਿਕ 'ਡਰੋਨ ਵਿਰੋਧੀ ਸਿਸਟਮ' ਖਰੀਦਣ ਦੀ ਮੰਗ ਕੀਤੀ

ਨਵੀਂ ਦਿੱਲੀ, 15 ਅਕਤੂਬਰ (ਪੋਸਟ ਬਿਊਰੋ)- ਸੀਮਾ ਸੁਰੱਖਿਆ ਬਲ (ਬੀ ਐਸ ਐਫ) ਨੇ ਆਧੁਨਿਕ 'ਡਰੋਨ ਵਿਰੋਧੀ ਸਿਸਟਮ' ਦੀ ਮੰਗ ਕੀਤੀ ਹੈ ਤਾਂ ਕਿ ਅਪ੍ਰੇਸ਼ਨ ਖੇਤਰਾਂ ਵਿੱਚ ਸ਼ੱਕੀ ਹਵਾਈ ਵਾਹਨਾਂ ਨੂੰ ਲੱਭਿਆ ਤੇ ਨਸ਼ਟ ਕੀਤਾ ਜਾ ਸਕੇ। ਹਾਲ ਹੀ ਵਿੱਚ ਭਾਰਤ-ਪਾਕਿਸਤਾਨ ਕੌਮਾਂਤਰੀ ਸਰੱਹਦ ਨੇੜੇ ਕਈ ਯੂ ਏ ਵੀ ਦੇਖੇ ਜਾਣ ਮਗਰੋਂ ਬੀ ਐਸ ਐਫ ਨੇ ਇਹ ਮੰਗ ਕੀਤੀ ਹੈ। ਸੀਮਾ ਦੀ ਰੱਖਿਆ ਕਰਨ ਵਾਲੇ ਬਲ ਨੇ ਡਰੋਨ ਦਾ ਪਤਾ ਲਾਉਣ ਵਾਲੇ ਸਿਸਟਮ ਦੀ ਮੰਗ ਕੀਤੀ ਹੈ, ਜਿਸ ਵਿੱਚ ਰਾਡਾਰ, ਰੇਡੀਓ ਫਰੀਕੁਐਂਸੀ ਰਿਸੀਵਰ, ਜੈਮਰ ਅਤੇ ਸਾਰੇ ਮਾਨਵ ਰਹਿਤ ਹਵਾਈ ਵਾਹਨਾਂ (ਯੂ ਏ ਵੀ) ਨੂੰ ਨਸ਼ਟ ਕਰਨ ਲਈ ਸਿਸਟਮ ਕੰਟਰੋਲਰ ਹੋਵੇ।

ਇਸ ਸੰਬੰਧ ਵਿੱਚ ਬੀ ਐਸ ਐਫ ਦੇ ਇੱਕ ਉਚ ਅਧਿਕਾਰੀ ਨੇ ਕਿਹਾ, 'ਕੇਂਦਰੀ ਗ੍ਰਹਿ ਮੰਤਰਾਲੇ ਨੇ ਬੀ ਐਸ ਐਫ ਨੂੰ ਕਿਹਾ ਹੈ ਕਿ ਇਹ ਦੁਸ਼ਮਣ ਡਰੋਨਾਂ ਦਾ ਪਤਾ ਲਾਉਣ ਤੇ ਉਨ੍ਹਾਂ ਨੂੰ ਨਸ਼ਟ ਕਰਨ ਲਈ ਜ਼ਰੂਰੀ ਤਕਨਾਲੋਜੀ ਹਾਸਲ ਕਰੇ। ਸੁਰੱਖਿਐ ਬਲ ਨੂੰ ਕਿਹਾ ਗਿਆ ਹੈ ਕਿ ਜਵਾਨਾਂ ਨੂੰ ਸਿੱਖਿਅਤ ਕੀਤਾ ਜਾਵੇ, ਜੋ ਜੰਮੂ, ਪੰਜਾਬ, ਰਾਜਸਥਾਨ ਅਤੇ ਗੁਜਰਾਤ ਵਿੱਚ ਭਾਰਤ-ਪਾਕਿਸਤਾਨ ਦੀ ਕੌਮਾਂਤਰੀ ਸੀਮਾ 'ਤੇ ਇਨ੍ਹਾਂ ਪ੍ਰਬੰਧਾਂ ਨੂੰ ਸੰਭਾਲ ਸਕਣ।" ਇਸੇ ਤਹਿਤ ਸੁਰੱਖਿਆ ਬਲ ਨੇ ਡਰੋਨ ਵਿਰੋਧੀ ਸਿਸਟਮ ਦੀ ਮੰਗ ਕੀਤੀ ਹੈ, ਜਿਸ ਨੂੰ ਤੇ ਜ਼ਮੀਨ 'ਤੇ ਰੱਖਿਆ ਜਾਂ ਕਿਸੇ ਵਾਹਨ 'ਤੇ ਲਾਇਆ ਜਾ ਸਕੇ।

## ਦੋ ਮੁੰਡਿਆਂ ਨੂੰ ਪੇਟ ਦਰਦ ਸੀ, ਡਾਕਟਰ ਨੇ ਪ੍ਰੈਗਨੈਂਸੀ ਟੈਸਟ ਲਿਖ ਦਿੱਤਾ

